Disclosure SCOTLAND

# ਕਾਰਜਪ੍ਰਣਾਲੀ ਨੇਮਾਵਲੀ

## ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਅਤੇ ਪੰਜੀਕ੍ਰਿਤ ਵਿਅਕਤੀਆਂ ਦੀਆਂ ਕਾਰਜ-ਪ੍ਰਣਾਲੀਆਂ ਦੇ ਸਬੰਧ ਵਿੱਚ

**28 ਫਰਵਰੀ 2011 ਸੰਸਕਰਣ**

**ਜੇ ਕਾਰਜਪ੍ਰਣਾਲੀ ਨੇਮਾਵਲੀ ਦੇ ਸਬੰਧ ਵਿੱਚ ਤੁਹਾਡੇ ਕੋਈ ਸੁਆਲ ਹਨ ਤਾਂ ਕਿਰਪਾ ਕਰਕੇ:**

**ਸਾਡੀ ਹੈਲਪਲਾਈਨ ਨੂੰ 0870 609 6006 ਤੇ ਕਾਲ ਕਰੋ,**

**ਸਾਨੂੰ info@disclosurescotland.co.uk ਤੇ ਈ-ਮੇਲ ਕਰੋ, ਜਾਂ**

**ਸਾਡੀ ਵੈੱਬਸਾਈਟ www.disclosurescotland.co.uk ਦੇਖੋ**

**ਕਾਰਜਪ੍ਰਣਾਲੀ ਨੇਮਾਵਲੀ ਵੈੱਬਸਾਈਟ ਤੇ ਉਪਲਬਧ ਹੈ।**

ਇਹ ਕਾਰਜਪ੍ਰਣਾਲੀ ਨੇਮਾਵਲੀ (SG/2011/18) 28 ਫਰਵਰੀ 2011 ਨੂੰ ਪ੍ਰਕਾਸ਼ਿਤ, ਪੇਸ਼ ਅਤੇ ਲਾਗੂ ਕੀਤੀ ਗਈ ਸੀ, ਇਸ ਤਾਰੀਖ਼ ਨੂੰ ਦੀ ਪ੍ਰਾਟੈਕਸ਼ਨ ਆਫ ਵਲਨਰੇਬਲ ਗਰੁੱਪਸ (ਸਕਾਟਲੈਂਡ) ਐਕਟ 2007 (ਯਾਨੀ ਕਮਜ਼ੋਰ ਵਰਗ ਸੁਰੱਖਿਆ ਅਧਿਨਿਯਮ 2007) ਵਾਸਤਵਿਕ ਤੌਰ ਤੇ ਸ਼ੁਰੂ ਕੀਤਾ ਗਿਆ ਅਤੇ ਪ੍ਰਾਟੈਕਟਿੰਗ ਵਰਨਰੇਬਲ ਗਰੁੱਪਸ ਸਕੀਮ (ਕਮਜ਼ੋਰ ਵਰਗ ਸੁਰੱਖਿਆ ਯੋਜਨਾ) ਕਿਰਿਆਤਮਕ ਹੋਈ, ਅਤੇ ਇਸ ਤਾਰੀਖ਼ ਤੋਂ 24 ਜੁਲਾਈ 2007 (SE/2007/149) ਨੂੰ ਪੇਸ਼ ਕੀਤੀ ਕਾਰਜਪ੍ਰਣਾਲੀ ਨੇਮਾਵਲੀ ਨੂੰ ਬਦਲਿਆ ਗਿਆ।

| ਪੈਰਾ | ਵਿਸ਼ਾ-ਵਸਤੂ | ਪੰਨਾ |
|---|---|---|
| **ਜਾਣ-ਪਛਾਣ** | | |
| 1 ਤੋਂ 5 | ਜਾਣਪਛਾਣ | 1 |
| 6 ਤੋਂ 8 | ਕਾਰਜਪ੍ਰਣਾਲੀ ਨੇਮਾਵਲੀ ਦਾ ਉਦੇਸ਼ | 1 |
| 9 | ਨੇਮਾਵਲੀ ਦੀ ਵਿਆਖਿਆ | 2 |
| 10 | ਨੇਮਾਵਲੀ ਦੀ ਪਾਲਣਾ ਕਿਸਦੇ ਲਈ ਲਾਜ਼ਮੀ ਹੈ? | 3 |
| 11 ਤੋਂ 17 | ਡਿਸਕਲੋਜ਼ਰ ਸਕਾਟਲੈਂਡ (ਪ੍ਰਕਟੀਕਰਨ ਸਕਾਟਲੈਂਡ) | 3 |
| 18 ਤੋਂ 30 | ਪ੍ਰਕਟੀਕਰਨ ਪ੍ਰਮਾਣ-ਪੱਤਰ - 1997 ਅਧਿਨਿਯਮ ਦੇ ਅਧੀਨ ਜਾਰੀ | 4 |
| 31 ਤੋਂ 45 | ਪ੍ਰਕਟੀਕਰਨ ਰਿਕਾਰਡਾਂ ਦੀਆਂ ਕਿਸਮਾਂ - 2007 ਅਧਿਨਿਯਮ ਦੇ ਅਧੀਨ ਜਾਰੀ | 5 |
| **ਪੰਜੀਕਰਨ** | | |
| 46 ਤੋਂ 50 | 1997 ਅਧਿਨਿਯਮ ਦੀ ਧਾਰਾ 120 ਦੇ ਤਹਿਤ ਪੰਜੀਕਰਨ ਲਈ ਕੌਣ ਅਰਜ਼ੀ ਦੇ ਸਕਦਾ ਹੈ? | 7 |
| 51 ਤੋਂ 54 | ਦੂਜਿਆਂ ਵੱਲੋਂ ਕੰਮ ਕਰਨ ਵਾਲੇ ਪੰਜੀਕ੍ਰਿਤ ਵਿਅਕਤੀ – “ਅੰਬਰੇਲਾ ਬਾਡੀ” (ਸੰਸਥਾ ਜੋ ਰਾਹਨੁਮਾਈ ਅਤੇ ਸੁਰੱਖਿਆ ਪ੍ਰਦਾਨ ਕਰਦੀ ਹੈ) ਦੇ ਰੂਪ ਵਿੱਚ ਕੰਮ ਕਰਨਾ | 8 |
| 55 ਅਤੇ 56 | ਸਕਾਟਲੈਂਡ ਵਿੱਚ ਕੇਂਦਰੀ ਪੰਜੀਕ੍ਰਿਤ ਸੰਸਥਾ | 9 |
| 57 ਤੋਂ 63 | 1997 ਅਧਿਨਿਯਮ ਦੇ ਤਹਿਤ ਰਜਿਸਟਰ | 9 |
| 64 | ਪੰਜੀਕਰਨ ਲਈ ਅਰਜ਼ੀ ਕਿਵੇਂ ਦੇਣੀ ਹੈ | 11 |
| 65 | ਸ਼ਨਾਖਤ | 11 |
| 66 ਤੋਂ 71 | ਨਿਗਮਿਤ ਅਤੇ ਅਨਿਗਮਿਤ ਸੰਸਥਾਵਾਂ ਲਈ ਮੁੱਖ ਹਸਤਾਖਰਕਰਤਾ | 11 |
| **ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਦੇ ਸਬੰਧ ਵਿੱਚ ਫਰਜ਼** | | |
| 72 ਤੋਂ 79 | ਪ੍ਰਕਟੀਕਰਨ ਜਾਣਕਾਰੀ ਦੀ ਨਿਆਂਪੂਰਨ ਵਰਤੋਂ | 12 |
| 80 ਤੋਂ 92 | ਪ੍ਰਕੀਟਕਰਨ ਜਾਣਕਾਰੀ ਦੀ ਸਾਂਭ-ਸੰਭਾਲ | 13 |
| 93 ਤੋਂ 97 | ਗਰੰਟੀ ਅਤੇ ਲੇਖਾ-ਪਰੀਖਣ | 14 |
| **ਸ਼ਨਾਖਤ** | | |
| 98 ਤੋਂ 101 | ਵਿਅਕਤੀ ਦੀ ਸ਼ਨਾਖਤ ਦੇ ਸਬੂਤ | 15 |
| 102 ਤੋਂ 107 | ਵਿਅਕਤੀ ਜੋ ਯੂਕੇ ਤੋਂ ਬਾਹਰ ਜੰਮੇ ਹਨ ਜਾਂ ਯੂਕੇ ਤੋਂ ਬਾਹਰ ਰਹਿ ਰਹੇ ਹਨ | 16 |
| **ਪ੍ਰਕਟੀਕਰਨ ਵਿੱਚ ਦਿੱਤੀ ਗਈ ਜਾਣਕਾਰੀ ਤੇ ਸੋਚ-ਵਿਚਾਰ** | | |
| 108 ਅਤੇ 109 | ਪ੍ਰਕਟੀਕਰਨ ਜਾਣਕਾਰੀ ਤੇ ਸੋਚ-ਵਿਚਾਰ ਕਰਨ ਸਮੇਂ ਧਿਆਨ ਵਿੱਚ ਰੱਖੀਆਂ ਜਾਣ ਵਾਲੀਆਂ ਗੱਲਾਂ | 16 |
| 110 ਤੋਂ 112 | ਪ੍ਰਕਟੀਕਰਨਾਂ ਦੀ ਵੈਧਤਾ ਤਾਰੀਖ | 17 |
| 113 | ਵਾਦ-ਵਿਵਾਦ | 17 |
| **ਪੰਜੀਕਰਨ ਦੀ ਸਮਾਪਤੀ** | | |
| 114 ਤੋਂ 116 | ਰਜਿਸਟਰ ਤੋਂ ਹਟਾਏ ਜਾਣ ਲਈ ਪੰਜੀਕ੍ਰਿਤ ਵਿਅਕਤੀ ਜਾਂ ਕਾਉਂਟਰ ਹਸਤਾਖਰਕਰਤਾ ਵੱਲੋਂ ਬੇਨਤੀ | 18 |
| 117 ਤੋਂ 121 | ਪ੍ਰਕਟੀਕਰਨ ਸਕਾਟਲੈਂਡ ਦੁਆਰਾ ਪੰਜੀਕ੍ਰਿਤ ਵਿਅਕਤੀ ਦਾ ਨਾਂ ਰਜਿਸਟਰ ਵਿੱਚੋਂ ਕੱਟਣਾ | 18 |
| 122 ਤੋਂ 134 | ਪ੍ਰਕਟੀਕਰਨ ਜਾਣਕਾਰੀ ਤੇ ਪਹੁੰਚ ਪ੍ਰਾਪਤ ਕਰਨ ਲਈ ਅਯੋਗ ਸਮਝੇ ਜਾਣ ਵਾਲੇ ਵਿਅਕਤੀ | 19 |
| 135 ਤੋਂ 140 | ਨੇਮਾਵਲੀ ਅਤੇ ਪੰਜੀਕਰਨ ਨਿਯਮਾਂ ਵਿੱਚ ਦਿੱਤੇ ਫਰਜ਼ਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣਾ | 20 |
| 141 | ਪ੍ਰਕਟੀਕਰਨਾਂ ਦਾ ਗੁਆਚ ਜਾਣਾ | 21 |

ਅੰਤਕਾ A: ਰਿਹੈਬਿਲਿਟੇਸ਼ਨ ਆਫ ਅਫੈਂਡਰਸ ਐਕਟ 1974 (ਅਪਰਾਧੀਆਂ ਦਾ ਪੁਨਰਵਾਸ ਅਧਿਨਿਯਮ 1974) - ਪ੍ਰਾਵਧਾਨਾਂ ਦੀ ਰੂਪਰੇਖਾ 22
ਅੰਤਕਾ B: ਅਪਰਾਧ: ਪੁਲਿਸ ਅਧਿਨਿਯਮ 1997 23
ਅੰਤਕਾ C: ਅਪਰਾਧ: ਦੀ ਪ੍ਰਾਟੈਕਸ਼ਨ ਆਫ ਵਲਨਰੇਬਲ ਗਰੁੱਪਸ (ਸਕਾਟਲੈਂਡ) ਐਕਟ 2007 (ਕਮਜ਼ੋਰ ਵਰਗ ਸੁਰੱਖਿਆ ਅਧਿਨਿਯਮ 2007) 25

# ਜਾਣ-ਪਛਾਣ

## ਜਾਣ-ਪਛਾਣ

1. ਇਹ ਕਾਰਜਪ੍ਰਣਾਲੀ ਨੇਮਾਵਲੀ ("ਨੇਮਾਵਲੀ") ਪੰਜੀਕ੍ਰਿਤ ਵਿਅਕਤੀਆਂ ਨੂੰ ਪ੍ਰਦਾਨ ਕੀਤੀ ਗਈ ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਅਤੇ ਉਸ ਅਧਿਨਿਯਮ ਤਹਿਤ ਪੰਜੀਕ੍ਰਿਤ ਵਿਅਕਤੀਆਂ ਦੁਆਰਾ ਕਿਸੇ ਕੰਮ ਤੋਂ ਮੁਕਤ ਹੋਣ ਦੇ ਸਬੰਧ ਵਿੱਚ ਪੁਲਿਸ ਅਧਿਨਿਯਮ 1997 ("1997 ਅਧਿਨਿਯਮ") ਦੀ ਧਾਰਾ 122[1] ਦੇ ਤਹਿਤ ਸਕਾਟਿਸ਼ ਮੰਤਰੀਆਂ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਨੇਮਾਵਲੀ ਨੂੰ ਸਮੇਂ ਸਮੇਂ ਤੇ ਬਦਲਿਆ ਜਾ ਸਕਦਾ ਹੈ।

2. ਨੇਮਾਵਲੀ ਵਿੱਚ ਉਨ੍ਹਾਂ ਫਰਜ਼ਾਂ ਬਾਰੇ ਦੱਸਿਆ ਗਿਆ ਹੈ ਜਿਨ੍ਹਾਂ ਦੀ ਪਾਲਣਾ ਪੰਜੀਕ੍ਰਿਤ ਵਿਅਕਤੀਆਂ ਜਾਂ ਪੰਜੀਕ੍ਰਿਤ ਵਿਅਕਤੀ ਦੇ ਨਾਮਜ਼ਦ ਵਿਅਕਤੀ (ਜਿਸਨੂੰ "ਕਾਉਂਟਰ-ਹਸਤਾਖਰਕਰਤਾ" ਕਿਹਾ ਜਾਂਦਾ ਹੈ) ਅਤੇ ਪ੍ਰਕਟੀਕਰਨ ਜਾਣਕਾਰੀ ਦੇ ਹੋਰਨਾਂ ਪ੍ਰਾਪਤਕਰਤਾਵਾਂ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਨੇਮਾਵਲੀ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਤੇ ਸਕਾਟਿਸ਼ ਮੰਤਰੀ ਪ੍ਰਕਟੀਕਰਨ ਪ੍ਰਦਾਨ ਕਰਨ ਤੋਂ ਮਨਾਹੀਂ ਕਰ ਸਕਦੇ ਹਨ। ਜੇ ਸਕਾਟਿਸ਼ ਮੰਤਰੀਆਂ ਨੂੰ ਲੱਗਦਾ ਹੈ ਕਿ ਪੰਜੀਕ੍ਰਿਤ ਵਿਅਕਤੀ, ਕਾਉਂਟਰ-ਹਸਤਾਖਰਕਰਤਾ ਜਾਂ ਕੋਈ ਅਜਿਹਾ ਵਿਅਕਤੀ ਜਿਸ ਵੱਲੋਂ ਪੰਜੀਕ੍ਰਿਤ ਵਿਅਕਤੀ ਜਾਂ ਕਾਉਂਟਰ-ਹਸਤਾਖਰਕਰਤਾ ਵਿਅਕਤੀ ਨੇ ਅਰਜ਼ੀ ਤੇ ਕਾਉਂਟਰ-ਹਸਤਾਖਰ ਕੀਤੇ ਹੋਣ ਜਾਂ ਪ੍ਰਕਟੀਕਰਨ ਅਰਜ਼ੀ ਤੇ ਘੋਸ਼ਣਾ ਕੀਤੀ ਹੋਵੇ, ਨੇਮਾਵਲੀ ਦੇ ਨਿਯਮਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ ਹੈ, ਤਾਂ ਸਕਾਟਿਸ਼ ਮੰਤਰੀ ਉਸ ਵਿਅਕਤੀ ਦਾ ਨਾਂ ਰਜਿਸਟਰ ਵਿੱਚੋਂ ਕੱਟ ਸਕਦੇ ਹਨ ਜਾਂ ਰਜਿਸਟਰ ਵਿੱਚ ਉਸਦੇ ਬਣੇ ਰਹਿਣ ਦੇ ਸਬੰਧ ਵਿੱਚ ਉਸ ਲਈ ਸ਼ਰਤਾਂ ਰੱਖ ਸਕਦੇ ਹਨ।

3. ਪ੍ਰਕਟੀਕਰਨ ਜਾਣਕਾਰੀ ਦੇ ਸਬੰਧ ਵਿੱਚ, ਪੰਜੀਕ੍ਰਿਤ ਵਿਅਕਤੀਆਂ ਅਤੇ ਕਾਉਂਟਰ-ਹਸਤਾਖਰਕਰਤਾਵਾਂ ਨੂੰ ਇਹ ਯਕੀਨੀ ਬਣਾਉਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ ਕਿ ਜਿਨ੍ਹਾਂ ਵਿਅਕਤੀਆਂ ਨੂੰ ਉਨ੍ਹਾਂ ਨੇ ਇਹ ਜਾਣਕਾਰੀ ਦਿੱਤੀ ਹੈ, ਉਹ ਇਸ ਨੇਮਾਵਲੀ ਦੀ ਪਾਲਣਾ ਕਰਨ। ਜੇ ਉਹ ਕਿਸੇ ਹੋਰ ਵੱਲੋਂ ਕੰਮ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ, ਕਿ ਜਿਨ੍ਹਾਂ ਵਿਅਕਤੀਆਂ ਨੂੰ ਉਨ੍ਹਾਂ ਨੇ ਇਹ ਜਾਣਕਾਰੀ ਦਿੱਤੀ ਹੈ, ਉਹ ਇਸ ਨੇਮਾਵਲੀ ਦੀ ਪਾਲਣਾ ਕਰਨ, ਸਪਸ਼ਟ ਕਰਨਾ ਚਾਹੀਦਾ ਹੈ ਕਿ ਕਿਹੜੀਆਂ ਪ੍ਰਕਿਰਿਆਵਾਂ ਕੀਤੀਆਂ ਜਾ ਰਹੀਆਂ ਹਨ।

4. ਪ੍ਰਕਟੀਕਰਨ ਅਰਜ਼ੀਆਂ ਤੇ ਹਸਤਾਖਰ ਕਰਨ ਵਾਲੇ ਜਾਂ ਹੋਰਨਾਂ ਸੰਸਥਾਵਾਂ ਵੱਲੋਂ ਬੇਨਤੀ ਕਰਨ ਵਾਲੇ ਇੱਕ ਪੰਜੀਕ੍ਰਿਤ ਵਿਅਕਤੀ ਨੂੰ ਸਥਾਨ ਅਤੇ ਵਿਵਸਥਤ ਕੰਮ ਪ੍ਰਦਾਨ ਕਰਨ ਵਾਲੀ ਸੰਸਥਾ ਬਾਰੇ ਅਤੇ ਉਹ ਸਥਾਨ ਜਾਂ ਵਿਵਸਥਤ ਕੰਮ ਕਿਸ ਤਰ੍ਹਾਂ ਦਾ ਹੈ, ਬਾਰੇ ਕੁਝ ਜਾਣਕਾਰੀ ਹੋਣੀ ਚਾਹੀਦੀ ਹੈ। ਡਿਸਕਲੋਜ਼ਰ ਸਕਾਟਲੈਂਡ ਨਾਲ ਗੈਰ-ਪੰਜੀਕ੍ਰਿਤ ਸੰਸਥਾਵਾਂ ਵੱਲੋਂ ਕੰਮ ਕਰ ਰਹੇ ਪੰਜੀਕ੍ਰਿਤ ਵਿਅਕਤੀਆਂ ਨੂੰ ਉਨ੍ਹਾਂ ਸੰਸਥਾਵਾਂ ਨੂੰ ਵੀ ਨੇਮਾਵਲੀ ਦੀਆਂ ਸ਼ਰਤਾਂ ਅਤੇ ਇਨ੍ਹਾਂ ਦੀ ਪਾਲਣਾ ਨਾ ਕਰਨ ਦੇ ਨਤੀਜਿਆਂ ਬਾਰੇ ਜਾਗਰੁਕ ਕਰਾਉਣਾ ਚਾਹੀਦਾ ਹੈ। ਸੰਸਥਾਵਾਂ ਵੱਲੋਂ ਕੰਮ ਕਰ ਰਹੇ ਪੰਜੀਕ੍ਰਿਤ ਵਿਅਕਤੀਆਂ ਨੂੰ ਇਨ੍ਹਾਂ ਸੰਸਥਾਵਾਂ ਤੋਂ ਲਿਖਤੀ ਗਰੰਟੀ ਲੈਣੀ ਚਾਹੀਦੀ ਹੈ ਕਿ ਉਹ ਨੇਮਾਵਲੀ ਦੀ ਪਾਲਣਾ ਕਰਣਗੇ। ਕੁਝ ਹਲਾਤਾਂ ਵਿੱਚ, ਪੰਜੀਕ੍ਰਿਤ ਵਿਅਤੀਆਂ ਲਈ ਇਨ੍ਹਾਂ ਸੰਸਥਾਵਾਂ ਦਾ ਇਹ ਜਾਂਚਣ ਲਈ ਦੌਰਾ ਕਰਨਾ ਵੀ ਵਾਜਬ ਹੋਵੇਗਾ ਕਿ ਨੇਮਾਵਲੀ ਦੀ ਪਾਲਣਾ ਕੀਤੀ ਜਾ ਰਹੀ ਹੈ ਜਾਂ ਨਹੀਂ।

5. ਜੇ ਸੰਸਥਾਵਾਂ ਵੱਲੋਂ ਕੰਮ ਕਰ ਰਹੇ ਪੰਜੀਕ੍ਰਿਤ ਵਿਅਕਤੀ ਕੋਲ ਇਹ ਮੰਨਣ ਲਈ ਕੋਈ ਵਾਜਬ ਕਾਰਨ ਹੈ ਕਿ ਕੋਈ ਸੰਸਥਾ ਨੇਮਾਵਲੀ ਦੀ ਪਾਲਣਾ ਕਰਨ ਵਿੱਚ ਅਸਫਲ ਰਹੀ ਹੈ, ਤਾਂ ਇਨ੍ਹਾਂ ਹਲਾਤਾਂ ਦੀ ਸੂਚਨਾ ਛੇਤੀ ਤੋਂ ਛੇਤੀ ਡਿਸਕਲੋਜ਼ਰ ਸਕਾਟਲੈਂਡ ਨੂੰ ਦਿੱਤੀ ਜਾਣੀ ਚਾਹੀਦੀ ਹੈ।

## ਕਾਰਜਪ੍ਰਣਾਲੀ ਨੇਮਾਵਲੀ ਦਾ ਉਦੇਸ਼

6. ਨੇਮਾਵਲੀ ਦਾ ਉਦੇਸ਼:

- ਇਹ ਯਕੀਨੀ ਬਣਾਉਣਾ ਹੈ ਕਿ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਕਾਉਂਟਰ-ਹਸਤਾਖਰਕਰਤਾਵਾਂ ਸਮੇਤ ਪੰਜੀਕ੍ਰਿਤ ਵਿਅਕਤੀਆਂ ਨੂੰ ਜਾਰੀ ਕੀਤੀ ਗਈ ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਉਨ੍ਹਾਂ ਵਿਅਕਤੀਆਂ ਦੁਆਰਾ ਚੰਗੀ ਤਰ੍ਹਾਂ ਅਤੇ ਨਿਰਪੱਖ ਰੂਪ ਵਿੱਚ ਕੀਤੀ ਜਾਂਦੀ ਹੈ ਜੋ ਇਸ ਜਾਣਕਾਰੀ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਹਨ;
- ਉਨ੍ਹਾਂ ਵਿਅਕਤੀਆਂ ਨੂੰ ਗਰੰਟੀ ਦੇਣਾ ਹੈ ਜੋ ਜਾਂ ਤਾਂ 1997 ਅਧਿਨਿਯਮ ਦੇ ਤਹਿਤ ਇੱਕ ਮਾਨਕ ਜਾਂ ਇੱਕ ਵਿਸਤਰਤ ਪ੍ਰਕਟੀਕਰਨ ਲਈ ਅਰਜ਼ੀ ਦੇ ਰਹੇ ਹਨ ਜਾਂ ਦੀ ਪ੍ਰਾਟੈਕਸ਼ਨ ਆਫ ਵਲਨਰੇਬਲ ਗਰੁੱਪਸ (ਸਕਾਟਲੈਂਡ) ਐਕਟ 2007 ("2007 ਅਧਿਨਿਯਮ") ਦੇ ਤਹਿਤ ਪ੍ਰਕਟੀਕਰਨ ਅਰਜ਼ੀ ਦੇ ਰਹੇ ਹਨ ਕਿ ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਉਨ੍ਹਾਂ ਵਿਅਕਤੀਆਂ ਦੁਆਰਾ ਚੰਗੀ ਤਰ੍ਹਾਂ ਅਤੇ ਨਿਆਂਪੂਰਨ ਕੀਤੀ ਜਾਵੇਗੀ ਜੋ ਉਸ ਜਾਣਕਾਰੀ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਹਨ; ਅਤੇ
- ਇਹ ਯਕੀਨੀ ਬਣਾਉਣਾ ਹੈ ਕਿ ਪ੍ਰਕਟੀਕਰਨ ਜਾਣਕਾਰੀ ਦੀ ਸੰਭਾਲ ਅਤੇ ਭੰਡਾਰਨ ਢੁੱਕਵੇਂ ਤਰੀਕੇ ਨਾਲ ਕੀਤਾ ਗਿਆ ਹੈ ਅਤੇ ਇਸਨੂੰ ਉਨੇ ਚਿਰ ਤਕ ਰੱਖਿਆ ਗਿਆ ਹੈ ਜੋ ਉਦੇਸ਼ ਨੂੰ ਪੂਰਾ ਕਰਨ ਲਈ ਜਰੂਰੀ ਹੈ ਅਤੇ ਉਸ ਤੋਂ ਬਾਅਦ ਸੁਰੱਖਿਅਤ ਤਰੀਕੇ ਨਾਲ ਨਸ਼ਟ ਕੀਤਾ ਜਾਂਦਾ ਹੈ।

[1] ਕ੍ਰਿਮਿਨਲ ਜਸਟਿਸ (ਸਕਾਟਲੈਂਡ) ਐਕਟ 2003 ਦੀ ਧਾਰਾ 70(7) ਦੁਆਰਾ ਸੰਸ਼ੋਧਨ ਕੀਤੇ ਜਾਣ ਦੇ ਮੁਤਾਬਕ।

**7.** ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਬਾਰੇ ਅਜਿਹੇ ਫਰਜ਼ ਜਿਨ੍ਹਾਂ ਦੇ ਸਬੰਧ ਵਿੱਚ ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ ਨਿਮਨਲਿਖਤ ਗੱਲਾਂ ਦੀ ਪਾਲਣਾ ਕਰਨੀ ਜਰੂਰੀ ਹੈ:

- ਜੋ ਪੰਜੀਕ੍ਰਿਤ ਵਿਅਕਤੀਆਂ ਅਤੇ ਕਾਉਂਟਰ-ਹਸਤਾਖਰਕਰਤਾਵਾਂ, ਜੋ ਪ੍ਰਕਟੀਕਰਨ ਬੇਨਤੀਆਂ ਤੇ ਅਰਜ਼ੀਆਂ ਉੱਤੇ ਕਾਉਂਟਰ-ਹਸਤਾਖਰ ਕਰਦੇ ਜਾਂ ਘੋਸ਼ਣਾ-ਪੱਤਰ ਬਣਾਉਂਦੇ ਹਨ, ਨੂੰ ਕਰਨਾ ਚਾਹੀਦਾ ਹੈ;
- ਪ੍ਰਕਟੀਕਰਨ ਜਾਣਕਾਰੀ ਦਾ ਨਿਆਂਪੂਰਨ ਇਸਤੇਮਾਲ;
- ਜਾਣਕਾਰੀ ਦੀ ਸੰਭਾਲ; ਅਤੇ
- ਗਰੰਟੀ ਅਤੇ ਲੇਖਾ-ਪਰੀਖਣ।

**8.** ਨੇਮਾਵਲੀ ਵਿੱਚ ਦੱਸਿਆ ਗਿਆ ਹੈ ਕਿ ਪ੍ਰਕਟੀਕਰਨ ਜਾਣਕਾਰੀ ਦੇ ਪ੍ਰਾਪਤਕਰਤਾ 1997 ਅਧਿਨਿਯਮ ਦੇ ਤਹਿਤ ਅਰਜ਼ੀਆਂ ਅਤੇ 2007 ਅਧਿਨਿਯਮ ਦੇ ਤਹਿਤ PVG ਸਕੀਮ ਦੀਆਂ ਪ੍ਰਕਟੀਕਰਨ ਬੇਨਤੀਆਂ ਦੇ ਸਬੰਧ ਵਿੱਚ ਆਪਣੇ ਫਰਜ਼ਾਂ ਦੀ ਪਾਲਣਾ ਕਿਵੇਂ ਕਰ ਸਕਦੇ ਹਨ।

## ਨੇਮਾਵਲੀ ਦੀ ਵਿਆਖਿਆ

**9.** ਇਸ ਪੈਰਾਗ੍ਰਾਫ ਦੇ ਵਿੱਚ ਨੇਮਾਵਲੀ ਵਿੱਚ ਵਰਤੇ ਗਏ ਵੱਖ-ਵੱਖ ਸ਼ਬਦਾਂ ਅਤੇ ਵਾਕਾਂ ਦਾ ਮਤਲਬ ਦਿੱਤਾ ਗਿਆ ਹੈ:

"1974 ਅਧਿਨਿਯਮ" ਦਾ ਮਤਲਬ ਹੈ ਰਿਹੈਬਿਲਿਟੇਸ਼ਨ ਆਫ ਅਫੈਂਡਰਸ ਐਕਟ 1974 (ਅਪਰਾਧੀਆਂ ਦਾ ਪੁਨਰਵਾਸ ਅਧਿਨਿਯਮ 1974) - ਅੰਤਕਾ A ਵਿੱਚ 1974 ਅਧਿਨਿਯਮ ਦਾ ਵੇਰਵਾ ਅਤੇ ਪੁੱਛੇ ਗਏ ਛੂਟ-ਪ੍ਰਾਪਤ ਸੁਆਲਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ;

"1997 ਅਧਿਨਿਯਮ" ਦਾ ਮਤਲਬ ਪੁਲਿਸ ਅਧਿਨਿਯਮ 1997 ਹੈ ਜੋ ਭਾਗ V ਵਿੱਚ ਅਪਰਾਧੀਆਂ ਦੇ ਰਿਕਾਰਡ ਦੇ ਪ੍ਰਮਾਣ-ਪੱਤਰ ਬਾਰੇ ਵਿਧਾਨ ਬਣਾਉਂਦਾ ਹੈ;

"2007 ਅਧਿਨਿਯਮ" ਦਾ ਮਤਲਬ ਦੀ ਪ੍ਰੋਟੈਕਸ਼ਨ ਆਫ ਵਲਨਰੇਬਲ ਗਰੁੱਪਸ (ਸਕਾਟਲੈਂਡ) ਐਕਟ 2007 (ਕਮਜ਼ੋਰ ਵਰਗ ਸੁਰੱਖਿਆ ਅਧਿਨਿਯਮ 2007) ਹੈ ਜੋ ਵਿਵਸਥਤ ਕੰਮ ਸਬੰਧੀ ਪ੍ਰਕਟੀਕਰਨਾਂ ਲਈ ਵਿਧਾਨ ਬਣਾਉਂਦਾ ਹੈ;

"ਕਾਉਂਟਰ-ਹਸਤਾਖਰਕਰਤਾ" ਤੋਂ ਭਾਵ ਉਸ ਵਿਅਕਤੀ ਤੋਂ ਹੈ ਜਿਸਨੂੰ ਇੱਕ ਨਿਗਮਿਤ ਜਾਂ ਅਨਿਗਮਿਤ ਸੰਸਥਾ ਜਾਂ ਵਿਧਾਨਿਕ ਦਫਤਰ-ਧਾਰਕ ਦੁਆਰਾ PVG ਪ੍ਰਕਟੀਕਰਨ ਬੇਨਤੀਆਂ ਸਬੰਧੀ ਮਾਨਕ ਜਾਂ ਵਿਸਤਰਤ ਪ੍ਰਕਟੀਕਰਨਾਂ ਤੇ ਕਾਉਂਟਰ-ਹਸਤਾਖਰ ਕਰਨ ਜਾਂ ਘੋਸ਼ਣਾ-ਪੱਤਰ ਬਣਾਉਣ ਦੇ ਸਬੰਧ ਵਿੱਚ ਉਸ ਸੰਸਥਾ ਜਾਂ ਵਿਅਕਤੀ ਲਈ ਕੰਮ ਕਰਨ ਲਈ ਅਧਿਕਾਰਤ ਵਿਅਕਤੀ ਦੇ ਰੂਪ ਵਿੱਚ ਨਾਮਜ਼ਦ ਕੀਤਾ ਜਾਂਦਾ ਹੈ;

"ਇੱਕ ਅਰਜ਼ੀ ਤੇ ਕਾਉਂਟਰ-ਹਸਤਾਖਰ ਕਰਨ" ਦਾ ਮਤਲਬ PVG ਪ੍ਰਕਟੀਕਰਨ ਬੇਨਤੀਆਂ ਦੇ ਸਬੰਧ ਵਿੱਚ ਮਾਨਕ ਜਾਂ ਵਿਸਤਰਤ ਪ੍ਰਕਟੀਕਰਨਾਂ ਲਈ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰਨਾ ਜਾਂ ਘੋਸ਼ਣਾ-ਪੱਤਰ ਬਣਾਉਣਾ ਹੈ;

"ਪ੍ਰਕਟੀਕਰਨ ਜਾਣਕਾਰੀ" ਤੋਂ ਭਾਵ ਉਸ ਜਾਣਕਾਰੀ ਤੋਂ ਹੈ ਜੋ ਡਿਸਕਲੋਜ਼ਰ ਸਕਾਟਲੈਂਡ ਵੱਲੋਂ ਪੰਜੀਕ੍ਰਿਤ ਵਿਅਕਤੀ ਜਾਂ ਕਾਉਂਟਰ-ਹਸਤਾਖਰਕਰਤਾ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਜੋ ਨਿਮਨਲਿਖਤ ਵਿੱਚ ਸ਼ਾਮਲ ਹੈ:

- 1997 ਅਧਿਨਿਯਮ ਦੀ ਧਾਰਾ 113A[2] ਦੇ ਤਹਿਤ ਜਾਰੀ ਕੀਤੇ ਅਪਰਾਧੀਆਂ ਦੇ ਰਿਕਾਰਡ ਦੇ ਪ੍ਰਮਾਣ-ਪੱਤਰ (ਇਸ ਨੇਮਾਵਲੀ ਵਿੱਚ ਇਸਨੂੰ "ਮਾਨਕ ਪ੍ਰਕਟੀਕਰਨ" ਦਾ ਹਵਾਲਾ ਦਿੱਤਾ ਗਿਆ ਹੈ);
- 1997 ਅਧਿਨਿਯਮ ਦੀ ਧਾਰਾ 113B[2] ਦੇ ਤਹਿਤ ਜਾਰੀ ਕੀਤੇ ਗਏ ਅਪਰਾਧੀਆਂ ਦੇ ਰਿਕਾਰਡ ਦੇ ਵਿਸਤਰਤ ਪ੍ਰਮਾਣ-ਪੱਤਰ (ਇਸ ਵਿੱਚ 1997 ਅਧਿਨਿਯਮ ਦੀ ਧਾਰਾ 113B(5) ਦੇ ਤਹਿਤ ਸਬੰਧਤ ਪੁਲਿਸ ਬਲਾਂ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ[3] ਸ਼ਾਮਲ ਹੈ) (ਇਸ ਨੇਮਾਵਲੀ ਵਿੱਚ ਇਸਨੂੰ "ਵਿਸਤਰਤ ਪ੍ਰਕਟੀਕਰਨ" ਦਾ ਹਵਾਲਾ ਦਿੱਤਾ ਗਿਆ ਹੈ);
- 2007 ਅਧਿਨਿਯਮ ਦੀ ਧਾਰਾ 52 ਦੇ ਤਹਿਤ ਪ੍ਰਕਟੀਕਰਨ ਕੀਤੇ ਸਕੀਮ ਰਿਕਾਰਡ (ਇਸ ਨੇਮਾਵਲੀ ਵਿੱਚ ਇਸਨੂੰ "ਸਕੀਮ ਰਿਕਾਰਡ" ਦਾ ਹਵਾਲਾ ਦਿੱਤਾ ਗਿਆ ਹੈ);
- 2007 ਅਧਿਨਿਯਮ ਦੀ ਧਾਰਾ 53 ਦੇ ਤਹਿਤ ਪ੍ਰਕਟੀਕਰਨ ਕੀਤੇ ਛੋਟੇ ਸਕੀਮ ਰਿਕਾਰਡ (ਇਸ ਨੇਮਾਵਲੀ ਵਿੱਚ ਇਸਨੂੰ "ਸਕੀਮ ਰਿਕਾਰਡ ਨਵੀਨੀਕਰਨ" ਦਾ ਹਵਾਲਾ ਦਿੱਤਾ ਗਿਆ ਹੈ);

"ਛੂਟ-ਪ੍ਰਾਪਤ ਸੁਆਲ" ਤੋਂ ਭਾਵ ਕਿਸੇ ਵਿਅਕਤੀ ਦੁਆਰਾ ਅਜਿਹੇ ਹਲਾਤਾਂ ਵਿੱਚ ਕਿਸੇ ਦੋਸ਼ਸਿੱਧੀ ਬਾਰੇ ਪੁੱਛੇ ਗਏ ਸੁਆਲ ਹਨ ਜਿਨ੍ਹਾਂ ਵਿੱਚ 1974 ਅਧਿਨਿਯਮ ਦੇ ਪ੍ਰਚਲਿਤ ਪ੍ਰਭਾਵ (ਜਿਵੇਂ, ਜੇ ਦੋਸ਼ੀ ਠਹਿਰਾਇਆ ਗਿਆ ਹੈ, ਤਾਂ ਇਸਦਾ ਖੁਲਾਸਾ ਨਹੀਂ ਕੀਤਾ ਜਾਣਾ ਚਾਹੀਦਾ) ਨੂੰ ਸਕਾਟਿਸ਼ ਮੰਤਰੀਆਂ ਦੁਆਰਾ ਦਿੱਤੇ ਗਏ ਆਦੇਸ਼ ਰਾਹੀਂ ਛੱਡ ਦਿੱਤਾ ਗਿਆ ਹੈ;

---

[2] ਸੀਰੀਅਸ ਆਰਗਨਾਈਜ਼ਡ ਕ੍ਰਾਈਮ ਅਤੇ ਪੁਲਿਸ ਅਧਿਨਿਯਮ 2005 ਦੀ ਧਾਰਾ 163(1) ਦੁਆਰਾ 1997 ਅਧਿਨਿਯਮ ਦੀ ਧਾਰਾ 113 ਅਤੇ 115 ਨੂੰ ਰੱਦ ਕਰ ਦਿੱਤਾ ਗਿਆ ਸੀ। ਸੀਰੀਅਸ ਆਰਗਨਾਈਜ਼ਡ ਕ੍ਰਾਈਮ ਦੀ ਧਾਰਾ 163(2) ਅਤੇ ਪੁਲਿਸ ਅਧਿਨਿਯਮ ਨੇ 1997 ਅਧਿਨਿਯਮ ਵਿੱਚ ਧਾਰਾ 113A ਅਤੇ 113B ਪਾਈਆਂ ਹਨ।

[3] "ਸਬੰਧੀ ਪੁਲਿਸ ਬਲ" ਦਾ ਮਤਲਬ ਪੁਲਿਸ ਅਧਿਨਿਯਮ 1997 (ਅਪਰਾਧੀ ਰਿਕਾਰਡ) (ਸਕਾਟਲੈਂਡ) ਵਿਨਿਯਮ 2010 (SSI 2010/168) ਦੇ ਵਿਨਿਯਮ 8 ਦੁਆਰਾ ਨਿਰਧਾਰਤ ਕੀਤੇ ਗਏ ਬਲ ਹਨ।

"ਮੁੱਖ ਹਸਤਾਖਰਕਰਤਾ" ਤੋਂ ਭਾਵ ਵਿਅਕਤੀ ਤੋਂ ਹੈ ਜੋ ਪੰਜੀਕਰਨ ਅਰਜ਼ੀ ਤੇ ਹਸਤਾਖਰ ਕਰਦਾ ਹੈ ਅਤੇ ਨਿਗਮਿਤ ਜਾਂ ਅਨਿਗਮਿਤ ਸੰਸਥਾ ਵੱਲੋਂ ਕਿਰਿਆ ਕਰਦਾ ਹੈ;

"ਅੰਬਰੇਲਾ ਬਾਡੀ" ਤੋਂ ਭਾਵ ਉਸ ਸੰਸਥਾ/ਵਿਅਕਤੀ ਤੋਂ ਹੈ ਜੋ 1997 ਅਧਿਨਿਯਮ ਦੀ ਧਾਰਾ 120 ਦੇ ਤਹਿਤ ਪੰਜੀਕ੍ਰਿਤ ਵਿਅਕਤੀ ਹੈ ਅਤੇ ਜੋ ਸੰਸਥਾਵਾਂ ਜਾਂ ਵਿਅਕਤੀਆਂ, ਜੋ ਆਪ ਤੇ ਡਿਸਕਲੋਜ਼ਰ ਸਕਾਟਲੈਂਡ ਦੇ ਨਾਲ ਪੰਜੀਕ੍ਰਿਤ ਨਹੀਂ ਹਨ ਪਰ ਉਹ ਛੂਟ-ਪ੍ਰਾਪਤ ਸੁਆਲ ਪੁੱਛ ਸਕਦੇ ਹਨ, ਦੀ ਬੇਨਤੀ ਤੇ ਸਕੀਮ ਰਿਕਾਰਡ ਜਾਂ ਸਕੀਮ ਰਿਕਾਰਡ ਨਵੀਨੀਕਰਨ ਲਈ PVG ਪ੍ਰਕਟੀਕਰਨ ਅਰਜ਼ੀਆਂ ਦੇ ਸਬੰਧ ਵਿੱਚ ਮਾਨਕ ਜਾਂ ਵਿਸਤਰਤ ਪ੍ਰਕਟੀਕਰਨ ਲਈ ਪ੍ਰਕਟੀਕਰਨ ਅਰਜ਼ੀਆਂ ਤੇ ਕਾਊਂਟਰ-ਹਸਤਾਖਰ ਕਰਦਾ ਹੈ ਜਾਂ ਘੋਸ਼ਨਾ-ਪੱਤਰ ਬਣਾਉਂਦਾ ਹੈ।

## ਨੇਮਾਵਲੀ ਦੀ ਪਾਲਣਾ ਕਿਸਦੇ ਲਈ ਲਾਜ਼ਮੀ ਹੈ?

**10.** ਨੇਮਾਵਲੀ ਅਜਿਹੀ ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਦੇ ਸਬੰਧ ਵਿੱਚ ਲਾਗੂ ਹੁੰਦੀ ਹੈ ਜੋ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਇੱਕ ਪੰਜੀਕ੍ਰਿਤ ਵਿਅਕਤੀ ਨੂੰ ਪ੍ਰਦਾਨ ਕੀਤੀ ਜਾਂਦੀ ਹੈ। ਇਸ ਲਈ ਇਸਦੇ ਵਿਧਾਨ ਵੀ ਉਨ੍ਹਾਂ ਸਾਰੇ ਪ੍ਰਾਪਤਕਰਤਾਵਾਂ ਤੇ ਲਾਗੂ ਹੁੰਦੇ ਹਨ ਜੋ ਪੰਜੀਕ੍ਰਿਤ ਵਿਅਕਤੀ ਤੋਂ ਅਜਿਹੀ ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਦੇ ਹੱਕਦਾਰ ਹਨ। ਇਹ ਉਸ ਵਿਅਕਤੀ ਤੇ ਲਾਗੂ ਨਹੀਂ ਹੁੰਦੇ ਜੋ ਪ੍ਰਕਟੀਕਰਨ ਜਾਣਕਾਰੀ ਦਾ ਕਰਤਾ ਹੈ ਅਤੇ ਜੋ ਡਿਸਕਲੋਜ਼ਰ ਸਕਾਟਲੈਂਡ ਤੋਂ ਵੀ ਪ੍ਰਕਟੀਕਰਨ ਪ੍ਰਾਪਤ ਕਰਦਾ ਹੈ। ਇਸ ਲਈ ਨਿਮਨਲਿਖਤ ਵਿਅਕਤੀਆਂ ਲਈ ਨੇਮਾਵਲੀ ਦੀ ਪਾਲਣਾ ਕਰਨੀ ਲਾਜ਼ਮੀ ਹੈ:

- ਨਿਗਮਿਤ ਅਤੇ ਅਨਿਗਮਿਤ ਸੰਸਥਾਵਾਂ, ਵਿਧਾਨਿਕ ਦਫਤਰ-ਧਾਰਕ ਅਤੇ ਅੰਬਰੇਲਾ ਬਾਡੀਜ਼ ਸਮੇਤ 1997 ਅਧਿਨਿਯਮ ਦੀ ਧਾਰਾ 120[4] ਦੇ ਤਹਿਤ ਪੰਜੀਕ੍ਰਿਤ ਕੋਈ ਵੀ ਵਿਅਕਤੀ;
- ਨਿਗਮਿਤ ਅਤੇ ਅਨਿਗਮਿਤ ਸੰਸਥਾਵਾਂ ਅਤੇ ਵਿਧਾਨਿਕ ਦਫਤਰ-ਧਾਰਕਾਂ ਦੁਆਰਾ ਉਨ੍ਹਾਂ ਵੱਲੋਂ ਪ੍ਰਕਟੀਕਰਨ ਬੇਨਤੀਆਂ ਦੇ ਸਬੰਧ ਵਿੱਚ ਅਰਜ਼ੀਆਂ ਤੇ ਕਾਊਂਟਰ-ਹਸਤਾਖਰ ਕਰਨ ਜਾਂ PVG ਘੋਸ਼ਨਾ-ਪੱਤਰ ਬਣਾਉਣ ਦੇ ਉਦੇਸ਼ ਲਈ ਨਾਮਜ਼ਦ ਪੰਜੀਕ੍ਰਿਤ ਵਿਅਕਤੀਆਂ ਦੇ ਕਰਮਚਾਰੀ ਜਾਂ ਏਜੰਟ (ਇਨ੍ਹਾਂ ਨੂੰ "ਕਾਊਂਟਰ-ਹਸਤਾਖਰਕਰਤਾ" ਦਾ ਹਵਾਲਾ ਦਿੱਤਾ ਗਿਆ ਹੈ); ਅਤੇ
- ਉਹ ਸੰਸਥਾਵਾਂ ਜਾਂ ਵਿਅਕਤੀ ਜਿਸ ਲਈ ਪੰਜੀਕ੍ਰਿਤ ਵਿਅਕਤੀ ਨੇ ਪ੍ਰਕਟੀਕਰਨ ਜਾਣਕਾਰੀ ਦੇ ਸਬੰਧ ਵਿੱਚ ਕਿਸੇ ਅਰਜ਼ੀ ਤੇ ਕਾਊਂਟਰ-ਹਸਤਾਖਰ ਕੀਤੇ ਹਨ ਜਾਂ PVG ਘੋਸ਼ਨਾ-ਪੱਤਰ ਬਣਾਇਆ ਹੈ।

## ਡਿਸਕਲੋਜ਼ਰ ਸਕਾਟਲੈਂਡ (ਪ੍ਰਕਟੀਕਰਨ ਸਕਾਟਲੈਂਡ)

**11.** ਡਿਸਕਲੋਜ਼ਰ ਸਕਾਟਲੈਂਡ ਭਰਤੀ ਅਤੇ ਨਿਯੁਕਤੀ ਫੈਸਲਿਆਂ ਦੇ ਸਮਰਥਨ ਵਿੱਚ ਪ੍ਰਕਟੀਕਰਨਾਂ ਨੂੰ ਜਾਰੀ ਕਰਨ ਦੇ ਸਬੰਧ ਵਿੱਚ ਅਤੇ ਨਿਸ਼ਚਤ ਪੰਜੀਕਰਨ ਅਤੇ ਲਾਈਸੈਂਸ ਕਿਰਿਆਵਾਂ ਲਈ 1997 ਅਧਿਨਿਯਮ ਅਤੇ 2007 ਅਧਿਨਿਯਮ ਦੇ ਤਹਿਤ ਸਕਾਟਿਸ਼ ਮੰਤਰੀਆਂ ਦੀਆਂ ਕਿਰਿਆਵਾਂ ਨੂੰ ਬਰਖਾਸਤ ਕਰਦਾ ਹੈ।

**12.** 1997 ਅਧਿਨਿਯਮ ਤਿੰਨ ਪ੍ਰਮਾਣ-ਪੱਤਰ ਜਾਰੀ ਕਰਦਾ ਹੈ: "ਬੁਨਿਆਦੀ ਪ੍ਰਕਟੀਕਰਨ", "ਮਾਨਕ ਪ੍ਰਕਟੀਕਰਨ" ਅਤੇ "ਵਿਸਤਰਤ ਪ੍ਰਕਟੀਕਰਨ"। 2007 ਅਧਿਨਿਯਮ ਤਿੰਨ ਪ੍ਰਕਟੀਕਰਨ ਰਿਕਾਰਡ ਪ੍ਰਦਾਨ ਕਰਦਾ ਹੈ: "ਸਕੀਮ ਰਿਕਾਰਡ", "ਸਕੀਮ ਰਿਕਾਰਡ ਨਵੀਨੀਕਰਨ" ਅਤੇ "ਸਕੀਮ ਮੈਂਬਰਸ਼ਿੱਪ ਬਿਓਰਾ"।

**13.** ਪ੍ਰਕਟੀਕਰਨ ਅਰਜ਼ੀਆਂ ਅਤੇ ਬੇਨਤੀਆਂ ਦੀ ਪਹਿਲਕਦਮੀ ਉਸ ਵਿਅਕਤੀ ਦੁਆਰਾ ਕੀਤੀ ਜਾਂਦੀ ਹੈ ਜੋ ਪ੍ਰਕਟੀਕਰਨ ਦਾ ਕਰਤਾ ਹੁੰਦਾ ਹੈ। ਅਜਿਹਾ ਆਮ ਤੌਰ ਤੇ ਮਾਲਕਾਂ, ਸਵੈਸੇਵੀ ਸੰਸਥਾਵਾਂ ਜਾਂ ਲਾਈਸੈਂਸ ਦੇਣ ਵਾਲੀਆਂ ਜਾਂ ਵਿਵਸਥਤ ਸੰਸਥਾਵਾਂ ਦੀ ਬੇਨਤੀ ਤੇ ਕੀਤਾ ਜਾਵੇਗਾ ਕਿਉਂਕਿ ਉਨ੍ਹਾਂ ਨੂੰ ਜਿੰਨੀ ਵੱਧ ਤੋਂ ਵੱਧ ਹੋ ਸਕੇ ਉਸ ਵਿਅਕਤੀ ਬਾਰੇ ਸਾਰੀਆਂ ਥਾਵਾਂ ਤੋਂ ਸੂਚਨਾ ਇਕੱਤਰ ਕਰਕੇ ਪ੍ਰਕਟੀਕਰਨ ਜਾਣਕਾਰੀ ਦਾ ਇਸਤੇਮਾਲ ਆਪਣੀ ਮੁਲਾਂਕਣ ਪ੍ਰਕਿਰਿਆ ਦੇ ਤੌਰ ਤੇ ਕਰਨਾ ਚਾਹੀਦਾ ਹੈ। ਇਸਦਾ ਸਬੰਧ ਸੰਭਾਵੀ ਅਤੇ ਮੌਜੂਦਾ ਦੋਵੇਂ ਸਟਾਫ ਮੈਂਬਰਾਂ ਨਾਲ ਹੋ ਸਕਦਾ ਹੈ।

**14.** 2007 ਅਧਿਨਿਯਮ ਮੰਗ ਕਰਦਾ ਹੈ ਕਿ ਸੰਸਥਾਵਾਂ ਇਹ ਸੰਤੁਸ਼ਟੀ ਕਰਨ ਕਿ ਜਿਸ ਵਿਅਕਤੀ ਨੂੰ ਉਹ ਵਿਵਸਥਿਤ ਕੰਮ ਵਿੱਚ ਇੱਕ ਸਥਾਨ ਪ੍ਰਦਾਨ ਕਰ ਰਹੇ ਹਨ, ਉਹ ਸਬੰਧਤ ਕਾਰਜਬਲ(ਲਾਂ) ਵੱਲੋਂ ਬਾਧਿਤ ਨਹੀਂ ਹੈ। ਸੰਸਥਾਵਾਂ ਅਪਰਾਧ ਕਰਦੀਆਂ ਹਨ ਜੇਕਰ ਅਜਿਹੇ ਵਿਅਕਤੀ ਨੂੰ ਵਿਵਸਥਿਤ ਕੰਮ ਦਿੰਦੀਆਂ ਹਨ ਜੋ ਸਬੰਧਤ ਕਾਰਜਬਲਾਂ ਵੱਲੋਂ ਬਾਧਿਤ ਹੋਵੇ। ਸੰਸਥਾ ਸਿਰਫ ਇੱਕੋ ਤਰੀਕੇ ਨਾਲ ਇਹ ਜਾਂਚ ਸਕਦੀ ਹੈ ਕਿ ਕੀ ਉਹ ਵਿਅਕਤੀ ਬਾਧਿਤ ਹੈ ਜਾਂ ਨਹੀਂ, ਜੇ ਉਹ ਵਿਅਕਤੀ ਨੂੰ 2007 ਅਧਿਨਿਯਮ ਦੇ ਤਹਿਤ ਪ੍ਰਕਟੀਕਰਨ ਬੇਨਤੀ ਕਰਨ ਲਈ ਆਖਦੀ ਹੈ। 2007 ਅਧਿਨਿਯਮ ਦੇ ਤਹਿਤ ਪ੍ਰਕਟੀਕਰਨ ਬੇਨਤੀ ਕਰਨ ਲਈ ਵਿਅਕਤੀ ਲਈ PVG ਸਕੀਮ ਵਿੱਚ ਸ਼ਾਮਲ ਹੋਣਾ ਜਾਂ ਪਹਿਲਾਂ ਤੋਂ ਇਸਦੇ ਮੈਂਬਰ ਹੋਣਾ ਲਾਜ਼ਮੀ ਹੈ।

**15.** ਨਾ ਤਾਂ 1997 ਅਧਿਨਿਯਮ ਅਤੇ ਨਾ ਹੀ 2007 ਅਧਿਨਿਯਮ ਕਿਸੇ ਵਿਅਕਤੀ ਨੂੰ ਇਹ ਜ਼ਿੰਮੇਵਾਰੀ ਸੌਂਪਦਾ ਹੈ ਕਿ ਉਹ ਪ੍ਰਕਟੀਕਰਨ ਅਰਜ਼ੀ ਜਾਂ ਬੇਨਤੀ ਦੇਵੇ ਕਿ ਉਨ੍ਹਾਂ ਨੂੰ ਮਾਲਕ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਅਜਿਹਾ ਕਰਨ ਲਈ ਆਖਿਆ ਜਾਵੇ।

---

[4] ਕ੍ਰਿਮਿਨਲ ਜਸਟਿਸ (ਸਕਾਟਲੈਂਡ) ਐਕਟ 2003 ਦੀ ਧਾਰਾ 70(7) ਅਤੇ ਅਨੁਸੂਚੀ 4, ਪ੍ਰਾਟੈਕਸ਼ਨ ਆਫ ਵਲਨਰੇਬਲ ਗਰੁੱਪਸ (ਸਕਾਟਲੈਂਡ) ਐਕਟ 2007 ਦੇ ਪੈਰਾਗ੍ਰਾਫ ਦੁਆਰਾ ਸੰਸ਼ੋਧਨ ਕੀਤੇ ਜਾਣ ਦੇ ਮੁਤਾਬਕ।

16. ਡਿਸਕਲੋਜ਼ਰ ਸਕਾਟਲੈਂਡ ਦੇ ਇਸਤੇਮਾਲ ਮੌਜੂਦਾ ਪੂਰਵ-ਨਿਯੁਕਤੀ ਦੀ ਪੂਰੀ ਰੇਂਜ ਅਤੇ ਚਲ ਰਹੀਆਂ ਨੌਕਰੀ ਸਬੰਧੀ ਜਾਂਚਾਂ ਦਾ ਪ੍ਰਤੀਸਥਾਪਨ ਨਹੀਂ ਹੈ ਜੋ ਮਾਲਕਾਂ ਨੂੰ ਕਰਨੀਆਂ ਚਾਹੀਦੀਆਂ ਹਨ। 1997 ਅਧਿਨਿਯਮ ਅਤੇ 2007 ਅਧਿਨਿਯਮ ਦੋਹਾਂ ਦੇ ਮਾਮਲੇ ਵਿੱਚ ਪ੍ਰਮਾਣ-ਪੱਤਰ ਜਾਂ ਰਿਕਾਰਡ ਤੇ ਦਿੱਤੀ ਜਾਣਕਾਰੀ ਹੀ ਮਾਲਕ ਦੇ ਫੈਂਸਲੇ ਦਾ ਕਾਰਨ ਨਹੀਂ ਹੋਣੀ ਚਾਹੀਦੀ।

17. ਡਿਸਕਲੋਜ਼ਰ ਸਕਾਟਲੈਂਡ ਦੁਆਰਾ ਜਾਰੀ ਕੀਤੇ ਪ੍ਰਕਟੀਕਰਨ ਪ੍ਰਮਾਣ-ਪੱਤਰਾਂ (1997 ਅਧਿਨਿਯਮ) ਅਤੇ ਸਕੀਮ ਰਿਕਾਰਡਾਂ (2007 ਅਧਿਨਿਯਮ) ਵਿੱਚ ਯੁਨਾਇਟਿਡ ਕਿੰਗਡਮ ਵਿੱਚ ਰੱਖੀ ਅਨੁਭਵੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ ਜਾਂ ਉਹ ਦੱਸਣਗੇ ਕਿ ਅਜਿਹੀ ਕੋਈ ਜਾਣਕਾਰੀ ਨਹੀਂ ਰੱਖੀ ਗਈ ਹੈ।

## ਪ੍ਰਕਟੀਕਰਨ ਪ੍ਰਮਾਣ-ਪੱਤਰਾਂ ਦੀਆਂ ਕਿਸਮਾਂ - 1997 ਅਧਿਨਿਯਮ ਦੇ ਅਧੀਨ ਜਾਰੀ

### ਬੁਨਿਆਦੀ ਪ੍ਰਕਟੀਕਰਨ

18. **ਬੁਨਿਆਦੀ ਪ੍ਰਕਟੀਕਰਨ.** ਕੋਈ ਵੀ ਵਿਅਕਤੀ ਆਪਣੇ ਬਾਰੇ ਬੁਨਿਆਦੀ ਪ੍ਰਕਟੀਕਰਨ ਲਈ ਅਰਜ਼ੀ ਦੇ ਸਕਦਾ ਹੈ ਅਤੇ ਇਹ ਉਸ ਵਿਅਕਤੀ ਨੂੰ ਜਾਰੀ ਕੀਤਾ ਜਾਵੇਗਾ ਜੋ ਪਛਾਣ ਦੀ ਪੁਸ਼ਟੀ ਅਤੇ ਢੁੱਕਵੀਂ ਫੀਸ ਅਦਾ ਕਰੇਗਾ। ਅਰਜ਼ੀ ਉੱਤੇ ਪੰਜੀਕ੍ਰਿਤ ਵਿਅਕਤੀ ਦੁਆਰਾ ਕਾਉਂਟਰ- ਹਸਤਾਖਰ ਨਹੀਂ ਕੀਤੇ ਜਾਂਦੇ। ਇੱਕ ਪ੍ਰਮਾਣ-ਪੱਤਰ ਜਾਰੀ ਕੀਤਾ ਜਾਂਦਾ ਹੈ। ਇਹ ਆਮ ਤੌਰ ਤੇ ਵਿਅਕਤੀ ਦੇ ਘਰ ਦੇ ਪਤੇ ਤੇ ਭੇਜਿਆ ਜਾਂਦਾ ਹੈ, ਹਾਲਾਂਕਿ ਉਸਦੀ ਲਿਖਤੀ ਰਜ਼ਾਮੰਦੀ ਤੇ ਪ੍ਰਮਾਣ-ਪੱਤਰ ਨੂੰ ਕਿਸੇ ਹੋਰ ਪਤੇ, ਮਿਸਾਲ ਦੇ ਤੌਰ ਤੇ ਕਿਸੇ ਸੰਭਾਵੀ ਮਾਲਕ ਦੇ ਪਤੇ ਤੇ ਭੇਜਿਆ ਜਾ ਸਕਦਾ ਹੈ।

19. ਬੁਨਿਆਦੀ ਪ੍ਰਕਟੀਕਰਨ ਵਿੱਚ ਨਿਮਨਲਿਖਤ ਸ਼ਾਮਲ ਹੁੰਦਾ ਹੈ:

- ਯੂਕੇ ਦੇ ਰਿਕਾਰਡਾਂ ਦੇ ਮੁਤਾਬਕ ਕੋਈ ਦੋਸ਼ਸਿੱਧੀ ਨਹੀਂ ਹੋਈ ਹੈ ਜਾਂ ਵੇਰਵਾ ਦਿੱਤਾ ਜਾਵੇ ਕਿ ਅਜਿਹੀਆਂ ਕੋਈ ਦੋਸ਼ਸਿੱਧੀਆਂ ਨਹੀਂ ਹਨ; ਅਤੇ
- ਕੀ ਉਸ ਵਿਅਕਤੀ ਦਾ ਨਾਂ ਕਿਸੇ ਸੈਕਸ ਅਪਰਾਧ ਦੇ ਰਜਿਸਟਰ ਵਿੱਚ ਦਰਜ ਹੋਇਆ ਹੈ।[5]

### ਮਾਨਕ ਪ੍ਰਕਟੀਕਰਨ

20. **ਮਾਨਕ ਪ੍ਰਕਟੀਕਰਨ** ਉਨ੍ਹਾਂ ਸਥਾਨਾਂ ਲਈ ਉਪਲਬਧ ਹੈ ਜਿਸ ਲਈ ਛੂਟ-ਪ੍ਰਾਪਤ ਸੁਆਲ ਪੁੱਛਿਆ ਜਾ ਸਕਦਾ ਹੈ। ਇਹ ਉਹ ਸਥਾਨ ਹਨ ਜੋ ਉਸ ਅਧਿਨਿਯਮ (ਅੰਤਕਾ A ਵਿੱਚ ਛੂਟ-ਪ੍ਰਾਪਤ ਸੁਆਲ ਪੁੱਛਣ ਬਾਰੇ ਹੋਰ ਜਾਣਕਾਰੀ ਦਿੱਤੀ ਗਈ ਹੈ) ਦੇ ਤਹਿਤ ਦਿੱਤੇ ਆਦੇਸ਼ ਦੁਆਰਾ 1974 ਅਧਿਨਿਯਮ ਦੇ ਪ੍ਰਭਾਵਾਂ ਤੋਂ ਬਾਹਰ ਅਤੇ ਛੱਡ ਕੇ ਹਨ। ਸਕਾਟਲੈਂਡ ਵਿੱਚ ਇਸ ਨਾਲ ਸਬੰਧਤ ਆਦੇਸ਼ ਰੀਹੈਬਿਲਿਟੇਸ਼ਨ ਆਫ ਅਫੈਂਡਰਸ ਐਕਟ 1974 (ਬਹਿਸ਼ਕਰਨ ਅਤੇ ਅਪਵਾਦ) (ਸਕਾਟਲੈਂਡ) ਆਦੇਸ਼ 2003 (SSI 2003/231) (ਸੰਸ਼ੋਧਨ ਮੁਤਾਬਕ) ("2003 ਆਦੇਸ਼") ਹੈ। ਢੁੱਕਵੀਂ ਫੀਸ ਦਾ ਭੁਗਤਾਨ ਕਰਨ ਤੇ ਮਾਨਕ ਪ੍ਰਕਟੀਕਰਨ ਉਨ੍ਹਾਂ ਵਿਅਕਤੀਆਂ ਨੂੰ ਉਪਲਬਧ ਕਰਾਇਆ ਜਾਂਦਾ ਹੈ ਜਿਨ੍ਹਾਂ ਦੀ ਅਰਜ਼ੀ ਤੇ ਇੱਕ ਪੰਜੀਕ੍ਰਿਤ ਵਿਅਕਤੀ ਦੇ ਕਾਉਂਟਰ-ਹਸਤਾਖਰ ਕੀਤੇ ਜਾਂਦੇ ਹਨ। ਵਿਅਕਤੀ ਨੂੰ ਪ੍ਰਮਾਣ-ਪੱਤਰ ਜਾਰੀ ਕਰਨ ਤੋਂ ਇਲਾਵਾ, ਡਿਸਕਲੋਜ਼ਰ ਸਕਾਟਲੈਂਡ ਉਸ ਵਿਅਕਤੀ ਨੂੰ ਇੱਕ ਪ੍ਰਮਾਣ-ਪੱਤਰ ਜਾਰੀ ਕਰਦਾ ਹੈ ਜੋ ਅਰਜ਼ੀ ਤੇ ਕਾਉਂਟਰ-ਹਸਤਾਖਰ ਕਰਦਾ ਹੈ।

21. ਉਹ ਪੰਜੀਕ੍ਰਿਤ ਵਿਅਕਤੀ ਜੋ ਆਪਣੇ ਖੁਦ ਦੇ ਮਕਸਦ ਲਈ ਮਾਨਕ ਪ੍ਰਕਟੀਕਰਨ ਦੀਆਂ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰਦੇ ਹਨ, ਉਨ੍ਹਾਂ ਲਈ ਇਹ ਸੰਤੁਸ਼ਟੀ ਕਰਨਾ ਲਾਜ਼ਮੀ ਹੈ ਕਿ ਉਹ ਛੂਟ-ਪ੍ਰਾਪਤ ਸੁਆਲ ਪੁੱਛਣ ਲਈ ਆਪਣੀ ਹੱਕਦਾਰੀ ਦੇ ਪ੍ਰਭਾਵ ਹੇਠ ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਦੇ ਹੱਕਦਾਰ ਹਨ।

22. ਜੇ 1997 ਅਧਿਨਿਯਮ ਦੀ ਧਾਰਾ 120 ਦੇ ਤਹਿਤ ਗੈਰ-ਪੰਜੀਕ੍ਰਿਤ ਸੰਸਥਾਵਾਂ ਜਾਂ ਵਿਅਕਤੀਆਂ ਵੱਲੋਂ ਕਿਰਿਆ ਕਰ ਰਹੇ ਹੋ, ਤਾਂ ਅੰਬਰੇਲਾ ਬਾਡੀ ਲਈ ਆਪਣੀ ਸੰਤੁਸ਼ਟੀ ਕਰਨੀ ਲਾਜ਼ਮੀ ਹੈ ਕਿ ਜਿਨ੍ਹਾਂ ਵੱਲੋਂ ਉਹ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰਦੇ ਹਨ, ਉਹ ਉਸ ਸੰਸਥਾ ਜਾਂ ਵਿਅਕਤੀ ਦੇ ਪ੍ਰਭਾਵ ਹੇਠ, ਜੋ ਛੂਟ-ਪ੍ਰਾਪਤ ਸੁਆਲ ਪੁੱਛਣ ਦੇ ਹੱਕਦਾਰ ਹਨ, ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਦੇ ਹੱਕਦਾਰ ਹਨ।

23. ਮਾਨਕ ਪ੍ਰਕਟੀਕਰਨ ਵਿੱਚ ਨਿਮਨਲਿਖਤ ਸ਼ਾਮਲ ਹਨ:

- ਯੂਕੇ ਵਿੱਚ ਕੇਂਦਰੀ ਰਿਕਾਰਡਾਂ ਵਿੱਚ ਦਰਜ ਦੋਸ਼ਸਿੱਧੀਆਂ ਅਤੇ ਸਾਵਧਾਨੀਆਂ ਜਾਂ ਇਹ ਬਿਓਰਾ ਦਿੰਦਾ ਹੋਵੇ ਕਿ ਉਸ ਵਿੱਚ ਅਜਿਹੇ ਕੋਈ ਮਸਲੇ ਦਰਜ ਨਹੀਂ ਹਨ; ਅਤੇ
- ਕੀ ਉਸ ਵਿਅਕਤੀ ਦਾ ਨਾਂ ਕਿਸੇ ਸੈਕਸ ਅਪਰਾਧ ਦੇ ਰਜਿਸਟਰ ਵਿੱਚ ਦਰਜ ਨਹੀਂ ਹੋਇਆ ਹੈ।[6]

### ਵਿਸਤਰਤ ਪ੍ਰਕਟੀਕਰਨ

24. **ਵਿਸਤਰਤ ਪ੍ਰਕਟੀਕਰਨ** ਉਦੋਂ ਉਪਲਬਧ ਕੀਤਾ ਜਾਂਦਾ ਹੈ ਜਦੋਂ ਛੂਟ-ਪ੍ਰਾਪਤ ਸੁਆਲ ਕਿਸੇ ਅਜਿਹੇ ਨਿਰਧਾਰਤ ਉਦੇਸ਼ ਲਈ ਪੁੱਛਿਆ ਜਾਂਦਾ ਹੈ ਜੋ ਕਿ ਪੁਲਿਸ ਅਧਿਨਿਯਮ 1997 ਕ੍ਰਿਮਿਨਲ ਰਿਕਾਰਡਸ (ਸਕਾਟਲੈਂਡ) ਰੇਗੁਲੇਸ਼ਨਸ 2010 (SSI 2010/168) ("ਕ੍ਰਿਮਿਨਲ ਰਿਕਾਰਡਸ ਰੇਗੁਲੇਸ਼ਨਸ") ਦੇ ਵਿਨਿਯਮ 9, 10, ਅਤੇ 12 ਵਿੱਚ ਦਿੱਤੇ ਗਏ ਹਨ। ਵਿਸਤਰਤ ਪ੍ਰਕਟੀਕਰਨ, ਢੁੱਕਵੀਂ ਫੀਸ ਦੇ ਭੁਗਤਾਨ ਤੇ ਉਨ੍ਹਾਂ ਵਿਅਕਤੀਆਂ ਨੂੰ ਉਪਲਬਧ ਕਰਾਇਆ ਜਾਂਦਾ ਹੈ ਜਿਨ੍ਹਾਂ ਦੀ ਅਰਜ਼ੀ ਤੇ ਇੱਕ ਪੰਜੀਕ੍ਰਿਤ ਵਿਅਕਤੀ ਦੇ ਕਾਉਂਟਰ-ਹਸਤਾਖਰ ਹੁੰਦੇ ਹਨ। ਵਿਅਕਤੀ ਨੂੰ ਪ੍ਰਮਾਣ- ਪੱਤਰ ਜਾਰੀ ਕਰਨ ਤੋਂ ਇਲਾਵਾ, ਡਿਸਕਲੋਜ਼ਰ ਸਕਾਟਲੈਂਡ ਉਸ ਵਿਅਕਤੀ ਨੂੰ ਵੀ ਇੱਕ ਪ੍ਰਮਾਣ-ਪੱਤਰ ਭੇਜਦਾ ਹੈ ਜੋ ਅਰਜ਼ੀ ਤੇ ਕਾਉਂਟਰ- ਹਸਤਾਖਰ ਕਰਦਾ ਹੈ।

---

[5] 2007 ਅਧਿਨਿਯਮ ਦੀ ਧਾਰਾ 78(1) ਦੁਆਰਾ ਸ਼ਾਮਲ ਕੀਤਾ ਗਿਆ। ਧਾਰਾ 78(1) 28 ਫਰਵਰੀ 2011 ਨੂੰ ਸ਼ੁਰੂ ਨਹੀਂ ਹੋਈ ਸੀ। ਧਾਰਾ 78(1) ਦੇ ਸ਼ੁਰੂ ਹੋਣ ਦੀ ਤਾਰੀਖ ਥੋੜ੍ਹੇ ਸਮੇਂ ਵਿੱਚ ਡਿਸਕਲੋਜ਼ਰ ਸਕਾਟਲੈਂਡ ਦੀ ਵੈੱਬਸਾਈਟ ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

[6] 2007 ਅਧਿਨਿਯਮ ਦੀ ਧਾਰਾ 78(2)(a) ਦੁਆਰਾ ਸ਼ਾਮਲ।

25. ਵਿਸਤਰਤ ਪ੍ਰਕਟੀਕਰਨ ਅਰਜ਼ੀਆਂ ਤੇ ਕਾਊਂਟਰ-ਹਸਤਾਖਰ ਕਰਨ ਵਾਲੇ ਪੰਜੀਕ੍ਰਿਤ ਵਿਅਕਤੀਆਂ ਨੂੰ ਸੰਤੁਸ਼ਟੀ ਕਰਨੀ ਚਾਹੀਦੀ ਹੈ ਕਿ ਉਹ ਕ੍ਰਿਮਿਨਲ ਰਿਕਾਰਡਸ ਰੇਗੁਲੇਸ਼ਨਸ ਵਿੱਚ ਨਿਰਧਾਰਤ ਉਦੇਸ਼ ਲਈ 1974 ਅਧਿਨਿਯਮ ਦੇ ਤਹਿਤ ਛੂਟ-ਪ੍ਰਾਪਤ ਸੁਆਲ ਪੁੱਛਣ ਦੇ ਆਪਣੇ ਹੱਕ ਦੇ ਪ੍ਰਭਾਵ ਹੇਠ ਪ੍ਰਕਟੀਕਰਨ ਜਾਣਕਾਰੀ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਹਨ। ਕਿਸੇ ਨਿਰਧਾਰਤ ਉਦੇਸ਼ ਲਈ ਛੂਟ-ਪ੍ਰਾਪਤ ਸੁਆਲ ਪੁੱਛਣ ਤੋਂ ਭਾਵ ਹੈ ਕਿ ਕ੍ਰਿਮਿਨਲ ਰਿਕਾਰਡਸ ਰੇਗੁਲੇਸ਼ਨਸ ਦੇ ਵਿਨਿਯਮਾਂ 9, 10, ਅਤੇ 12 ਵਿੱਚ ਵਰਣਤ ਕਿਸੇ ਵੀ ਮਸਲੇ ਦੇ ਉਦੇਸ਼ ਲਈ ਜਾਂ ਕਿਸੇ ਵਿਅਕਤੀ ਦੇ ਸਬੰਧ ਵਿੱਚ ਛੂਟ-ਪ੍ਰਾਪਤ ਸੁਆਲ ਪੁੱਛਣਾ। ਅਜਿਹੇ ਮਸਲਿਆਂ ਅਤੇ ਵਿਅਕਤੀਆਂ ਬਾਰੇ ਹੋਰ ਜਾਣਕਾਰੀ http://www.legislation.gov.uk/ssi/2010/168/contents/made ਤੋਂ ਮਿਲ ਸਕਦੀ ਹੈ। ਅਜਿਹੇ ਮਾਮਲਿਆਂ ਵਿੱਚ, ਜਾਂਚ ਦੇ ਵਿਸ਼ੇ ਨਾਲ ਸਬੰਧਤ ਦੋਸ਼ਸਿੱਧੀਆਂ ਬਾਰੇ ਜਾਣਕਾਰੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

26. ਜੇ 1997 ਅਧਿਨਿਯਮ ਦੀ ਧਾਰਾ 120 ਦੇ ਤਹਿਤ ਗੈਰ-ਪੰਜੀਕ੍ਰਿਤ ਸੰਸਥਾਵਾਂ ਜਾਂ ਵਿਅਕਤੀਆਂ ਵੱਲੋਂ ਕਿਰਿਆ ਕਰ ਰਹੇ ਹੋ, ਤਾਂ ਅੰਬਰੇਲਾ ਬਾਡੀ ਲਈ ਆਪਣੀ ਸੰਤੁਸ਼ਟੀ ਕਰਨੀ ਲਾਜ਼ਮੀ ਹੈ ਕਿ ਜਿਨ੍ਹਾਂ ਵੱਲੋਂ ਉਹ ਅਰਜ਼ੀਆਂ ਤੇ ਕਾਊਂਟਰ-ਹਸਤਾਖਰ ਕਰਦੇ ਹਨ, ਉਹ ਉਸ ਸੰਸਥਾ ਜਾਂ ਵਿਅਕਤੀ ਦੇ ਪ੍ਰਭਾਵ ਹੇਠ, ਜੋ ਕ੍ਰਿਮਿਨਲ ਰਿਕਾਰਡਸ ਰੇਗੁਲੇਸ਼ਨਸ ਵਿੱਚ ਦਿੱਤੇ ਕਿਸੇ ਨਿਰਧਾਰਤ ਉਦੇਸ਼ ਲਈ ਛੂਟ-ਪ੍ਰਾਪਤ ਸੁਆਲ ਪੁੱਛਣ ਦੇ ਹੱਕਦਾਰ ਹਨ, ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਦੇ ਹੱਕਦਾਰ ਹਨ।

27. ਵਿਸਤਰਤ ਪ੍ਰਕਟੀਕਰਨ ਵਿੱਚ ਨਿਮਨਲਿਖਤ ਸ਼ਾਮਲ ਹਨ:
- ਯੂਕੇ ਦੇ ਰਿਕਾਰਡਾਂ ਦੇ ਮੁਤਾਬਕ ਕੋਈ ਦੋਸ਼ਸਿੱਧੀ ਜਾਂ ਚੇਤਾਵਨੀ ਨਹੀਂ ਦਿੱਤੀ ਗਈ ਹੈ ਜਾਂ ਵੇਰਵਾ ਦਿੱਤਾ ਜਾਵੇ ਕਿ ਅਜਿਹੀਆਂ ਕੋਈ ਦੋਸ਼ਸਿੱਧੀਆਂ ਨਹੀਂ ਹਨ;
- ਕੀ ਉਸ ਵਿਅਕਤੀ ਦਾ ਨਾਂ ਕਿਸੇ ਸੈਕਸ ਅਪਰਾਧ ਦੇ ਰਜਿਸਟਰ ਵਿੱਚ ਦਰਜ ਨਹੀਂ ਤਾਂ ਹੋਇਆ ਹੈ;
- ਇਸ ਨਾਲ ਸਬੰਧਤ ਹੋਰ ਜਾਣਕਾਰੀ, ਜਿਸ ਵਿੱਚ ਸਬੰਧਤ ਪੁਲਿਸ ਬਲਾਂ ਦੁਆਰਾ ਪ੍ਰਦਾਨ ਕੀਤੀ ਗੈਰ-ਦੋਸ਼ਸਿੱਧੀ ਜਾਣਕਾਰੀ ਸ਼ਾਮਲ ਹੋਵੇ; ਅਤੇ
- (ਕੁਝ ਮਾਮਲਿਆਂ ਵਿੱਚ) ਬਾਧਿਤ ਸੂਚੀਆਂ ਅਤੇ ਨਿਰਧਾਰਤ ਸਿਵਿਲ ਆਦੇਸ਼ਾਂ ਦੇ ਸ਼ਾਮਲ ਹੋਣ ਬਾਰੇ ਜਾਣਕਾਰੀ।

28. ਸਬੰਧਤ ਪੁਲਿਸ ਬਲ ਦਾ ਮੁੱਖ ਅਧਿਕਾਰੀ ਸਿੱਧਾ ਉਸ ਵਿਅਕਤੀ ਨੂੰ ਜਾਣਕਾਰੀ ਦਾ ਖੁਲਾਸਾ ਵੀ ਕਰ ਸਕਦਾ ਹੈ ਜਿਸਨੇ ਵਿਸਤਰਤ ਪ੍ਰਕਟੀਕਰਨ ਅਰਜ਼ੀ ਤੇ ਕਾਊਂਟਰ-ਹਸਤਾਖਰ ਕੀਤੇ ਸਨ। ਉਹ ਜਾਣਕਾਰੀ ਪ੍ਰਮਾਣ-ਪੱਤਰ ਦੇ ਫਲਕ ਤੇ ਨਹੀਂ ਦਿੱਤੀ ਜਾਂਦੀ, ਪਰ ਫੇਰ ਵੀ ਪ੍ਰਕਟੀਕਰਨ ਜਾਣਕਾਰੀ ਨਾਲ ਸਬੰਧਤ ਹੁੰਦੀ ਹੈ। ਅਜਿਹੀ ਜਾਣਕਾਰੀ ਨੂੰ ਵੱਖ ਤੌਰ ਤੇ ਭੇਜਿਆ ਜਾਵੇਗਾ ਅਤੇ ਵਿਸਤਰਤ ਪ੍ਰਕਟੀਕਰਨ ਦੇ ਕਰਤਾ ਵੱਲੋਂ ਇਸਨੂੰ ਰੋਕ ਕੇ ਰੱਖਣਾ ਲਾਜ਼ਮੀ ਹੈ। ਹੋ ਸਕਦਾ ਹੈ ਕਿ ਮੁੱਖ ਅਧਿਕਾਰੀ ਉਸ ਵਿਅਕਤੀ ਨੂੰ ਪੱਤਰ ਅੱਗੇ ਭੇਜ ਦੇਵੇ ਜਿਸਨੇ ਇਸ ਪ੍ਰਕਾਰ ਦੇ ਪ੍ਰਕਟੀਕਰਨ ਦੀਆਂ ਸ਼ਰਤਾਂ ਅਤੇ ਇਸਦੇ ਇਸਤੇਮਾਲ ਦੇ ਅਪਵਾਦ ਬਾਰੇ ਵੇਰਵਾ ਦਿੰਦੀ ਵਿਸਤਰਤ ਪ੍ਰਕਟੀਕਰਨ ਅਰਜ਼ੀ ਤੇ ਹਸਤਾਖਰ ਕੀਤੇ ਹਨ। ਡਿਸਕਲੋਜ਼ਰ ਸਕਾਟਲੈਂਡ ਦੀ ਇਸ ਜਾਣਕਾਰੀ ਜਾਂ ਪੱਤਰ ਦੇ ਵਿਸ਼ੇ ਤੇ ਕੋਈ ਪਹੁੰਚ ਨਹੀਂ ਹੈ।

29. ਜੇ ਕ੍ਰਿਮਿਨਲ ਰਿਕਾਰਡਸ ਰੇਗੁਲੇਸ਼ਨਸ ਦੇ ਵਿਨਿਯਮਾਂ 10 ਅਤੇ 12 ਵਿੱਚ ਨਿਰਧਾਰਤ ਮਸਲਿਆਂ ਜਾਂ ਵਿਅਕਤੀਆਂ ਨਾਲ ਸਬੰਧਤ ਉਦੇਸ਼ ਲਈ ਛੂਟ-ਪ੍ਰਾਪਤ ਸੁਆਲ ਪੁੱਛਿਆ ਜਾਂਦਾ ਹੈ ਅਤੇ ਜੇ ਵਿਸਤਰਤ ਪ੍ਰਕਚੀਕਰਨ ਨੂੰ ਬੱਚਿਆਂ (1997 ਅਧਿਨਿਯਮ ਦੀ ਧਾਰਾ 113CA) ਜਾਂ ਰੱਖਿਅਤ ਵਿਅਸਕਾਂ (1997 ਅਧਿਨਿਯਮ ਦੀ ਧਾਰਾ 113CB) ਨਾਲ ਸੰਬਧਤ ਇੱਕ ਢੁੱਕਵੇਂ ਜਾਣਕਾਰੀ ਬਿਓਰੇ ਦਾ ਸਹਿਯੋਗ ਦਿੱਤਾ ਜਾਂਦਾ ਹੈ, ਤਾਂ ਯੂਕੇ ਭਰ ਵਿੱਚ ਇਸ ਨਾਲ ਸਬੰਧਤ ਬਾਧਿਤ ਸੂਚੀਆਂ ਦੀ ਜਾਂਚ ਕੀਤੀ ਜਾਵੇਗੀ। ਪ੍ਰਮਾਣ-ਪੱਤਰ ਵਿੱਚ ਦੱਸਿਆ ਜਾਵੇਗਾ ਕਿ ਵਿਅਕਤੀ ਪ੍ਰਕਟੀਕਰਨ ਨਾਲ ਸਬੰਧਤ ਕਿਸੇ ਵੀ ਪ੍ਰਕਾਰ ਦੇ ਵਿਵਸਥਿਤ ਕੰਮ ਤੋਂ ਬਾਧਿਤ ਹੈ ਜਾਂ ਨਹੀਂ; ਅਤੇ ਵਿਅਕਤੀ ਸਕਾਟਿਸ਼ ਮੰਤਰੀਆਂ ਦੁਆਰਾ PVG ਬਾਲ ਸੂਚੀ ਜਾਂ ਵਿਅਸਕ ਸੂਚੀ ਵਿੱਚ ਸੂਚੀਬੱਧ ਹੋਣ ਦੇ ਵਿਚਾਰ ਅਧੀਨ ਹੈ ਜਾਂ ਨਹੀਂ।

30. ਹੇਠਲੇ ਸਿਵਿਕ ਆਦੇਸ਼ਾਂ ਦਾ ਖੁਲਾਸਾ ਢੁੱਕਵੀਂ ਜਾਣਕਾਰੀ ਦੇ ਨਾਲ ਵਿਸਤਰਤ ਪ੍ਰਕਟੀਕਰਨ ਵਿੱਚ ਕੀਤਾ ਜਾ ਸਕਦਾ ਹੈ:
- ਯੌਣ ਅਪਰਾਧ ਅਧਿਨਿਯਮ 2003 ("2003 ਅਧਿਨਿਯਮ") ਦੇ ਅਧੀਨ ਸੈਕਸ ਅਪਰਾਧਾਂ ਲਈ ਰੋਕ ਆਦੇਸ਼ (ਜਾਂ ਅੰਤਰਿਮ ਆਦੇਸ);
- 2003 ਅਧਿਨਿਯਮ ਦੇ ਤਹਿਤ ਵਿਦੇਸ਼ ਯਾਤਰਾ ਆਦੇਸ਼;
- 2003 ਅਧਿਨਿਯਮ ਦੇ ਤਹਿਤ ਯੌਣ ਨੁਕਸਾਨ ਆਦੇਸ਼ (ਜਾਂ ਅੰਤਰਿਮ ਆਦੇਸ਼) ਦਾ ਜੋਖਮ;
- 2003 ਅਧਿਨਿਯਮ ਦੇ ਤਹਿਤ ਇੱਕ ਅਧਿਸੂਚਨਾ ਆਦੇਸ਼ (ਜਾਂ ਅੰਤਰਿਮ ਆਦੇਸ਼); ਅਤੇ
- ਬਾਲ ਸੁਰੱਖਿਆ ਅਤੇ ਯੌਣ ਅਪਰਾਧ ਤੇ ਰੋਕ (ਸਕਾਟਲੈਂਡ) ਅਧਿਨਿਯਮ 2005 ਦੇ ਤਹਿਤ ਯੌਣ ਨੁਕਸਾਨ ਆਦੇਸ਼ (ਜਾਂ ਅੰਤਰਿਮ ਆਦੇਸ਼) ਦਾ ਜੋਖਮ।

## ਪ੍ਰਕਟੀਕਰਨ ਰਿਕਾਰਡਾਂ ਦੀਆਂ ਕਿਸਮਾਂ - 2007 ਅਧਿਨਿਯਮ ਦੇ ਅਧੀਨ ਜਾਰੀ

31. 2007 ਅਧਿਨਿਯਮ ਦੇ ਤਹਿਤ ਅਰਜ਼ੀਆਂ ਜਾਂ ਬੇਨਤੀਆਂ ਦਾ ਸਬੰਧ ਵਿਵਸਥਿਤ ਕੰਮ ਨਾਲ ਹੋਣਾ ਚਾਹੀਦਾ ਹੈ ਜੋ 2007 ਅਧਿਨਿਯਮ ਦੀ ਧਾਰਾ 91 ਦੇ ਅਰਥ ਵਿੱਚ ਹੈ। 2003 ਆਦੇਸ਼ ਦੇ ਸ਼ਬਦਾਂ ਵਿੱਚ, ਇੱਕ ਛੂਟ-ਪ੍ਰਾਪਤ ਸੁਆਲ ਉਸ ਵਿਅਕਤੀ ਬਾਰੇ ਪੁੱਛਿਆ ਜਾ ਸਕਦਾ ਹੈ ਜੋ 2007 ਅਧਿਨਿਯਮ ਦੇ ਤਹਿਤ ਵਿਵਸਥਿਤ ਕੰਮ ਕਰ ਰਿਹਾ ਹੋਵੇ ਜਾਂ ਕਰਨਾ ਚਾਹੁੰਦਾ ਹੋਵੇ।

**32.** ਜਿਹੜੇ ਪੰਜੀਕ੍ਰਿਤ ਵਿਅਕਤੀ ਜਾਂ ਕਾਉਂਟਰ-ਹਸਤਾਖਰਕਰਤਾ ਸਕੀਮ ਰਿਕਾਰਡ ਜਾਂ ਸਕੀਮ ਰਿਕਾਰਡ ਨਵੀਨੀਕਰਨ ਲਈ ਪ੍ਰਕਟੀਕਰਨ ਬੇਨਤੀਆਂ ਦੇ ਸਬੰਧ ਵਿੱਚ ਘੋਸ਼ਨਾ-ਪੱਤਰ ਬਣਾਉਂਦੇ ਹਨ, ਉਨ੍ਹਾਂ ਨੂੰ ਸੰਤੁਸ਼ਟੀ ਕਰਨੀ ਚਾਹੀਦੀ ਹੈ ਕਿ ਉਹ 2007 ਅਧਿਨਿਯਮ ਦੀ ਧਾਰਾ 55 ਵਿੱਚ ਦਿੱਤੀਆਂ ਸਾਰੀਆਂ ਪ੍ਰਕਟੀਕਰਨ ਸ਼ਰਤਾਂ ਨੂੰ ਪੂਰਾ ਕਰਦੇ ਹੋਏ ਪ੍ਰਕਟੀਕਰਨ ਜਾਣਕਾਰੀ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਹੋਣ।

**33.** ਜੇ 1997 ਅਧਿਨਿਯਮ ਦੀ ਧਾਰਾ 120 ਦੇ ਤਹਿਤ ਗੈਰ-ਪੰਜੀਕ੍ਰਿਤ ਸੰਸਥਾਵਾਂ ਜਾਂ ਵਿਅਕਤੀਆਂ ਵੱਲੋਂ ਕਿਰਿਆ ਕਰ ਰਹੇ ਹੋ, ਤਾਂ ਪੰਜੀਕ੍ਰਿਤ ਵਿਅਕਤੀ ਲਈ ਆਪਣੀ ਸੰਤੁਸ਼ਟੀ ਕਰਨੀ ਲਾਜ਼ਮੀ ਹੈ ਕਿ ਜਿਨ੍ਹਾਂ ਵੱਲੋਂ ਉਹ ਸਕੀਮ ਰਿਕਾਰਡ ਜਾਂ ਸਕੀਮ ਰਿਕਾਰਡ ਨਵੀਨੀਕਰਨ ਲਈ ਪ੍ਰਕਟੀਕਰਨ ਬੇਨਤੀਆਂ ਦੇ ਸਬੰਧ ਵਿੱਚ ਘੋਸ਼ਨਾ-ਪੱਤਰ ਬਣਾ ਰਹੇ ਹਨ, ਉਹ 2007 ਅਧਿਨਿਯਮ ਦੀ ਧਾਰਾ 55 ਵਿੱਚ ਦਿੱਤੀਆਂ ਗਈਆਂ ਪ੍ਰਕਟੀਕਰਨ ਸ਼ਰਤਾਂ ਏ ਤੋਂ ਸੀ ਤਕ ਨੂੰ ਪੂਰਾ ਕਰਦੇ ਹੋਏ ਪ੍ਰਕਟੀਕਰਨ ਜਾਣਕਾਰੀ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਹਨ।

## ਸਕੀਮ ਰਿਕਾਰਡ

**34.** ਸਕੀਮ ਰਿਕਾਰਡ ਬੁਨਿਆਦੀ ਮੈਂਬਰਸ਼ਿੱਪ ਜਾਣਕਾਰੀ ਦਰਸ਼ਾਉਂਦਾ ਹੈ:

- ਉਸ ਕਿਸਮ(ਮਾਂ) ਦਾ ਵਿਵਸਥਿਤ ਕੰਮ ਜਿਸਦੇ ਸਬੰਧ ਵਿੱਚ ਵਿਅਕਤੀ PVG ਸਕੀਮ ਮੈਂਬਰ ਹੈ (ਇਸਦੇ ਫਲਸਰੂਪ ਪੁਸ਼ਟੀ ਕਰਦੇ ਹੋਏ ਕਿ ਵਿਅਕਤੀ ਉਸ ਕਿਸਮ ਦੇ ਵਿਵਸਥਿਤ ਕੰਮ ਤੋਂ ਬਾਧਿਤ ਨਹੀਂ ਹੈ); ਅਤੇ
- ਜੇ ਵਿਅਕਤੀ ਵਿਵਸਥਿਤ ਕੰਮ ਦੀ ਕਿਸਮ(ਮਾਂ) ਦੀ ਸੂਚੀ ਲਈ ਵਿਚਾਰੇ ਜਾਣ ਯੋਗ ਹੈ, ਇਸ ਤੱਥ ਨੂੰ ਬਿਆਨਦਾ ਹੈ।

**35.** ਸਕੀਮ ਰਿਕਾਰਡ ਵਿੱਚ ਅਜਿਹੀ ਅਨੁਭਵੀ ਜਾਣਕਾਰੀ ਵੀ ਸ਼ਾਮਲ ਹੁੰਦੀ ਹੈ ਜੋ ਵਿਅਕਤੀ ਦੇ ਸਬੰਧ ਵਿੱਚ ਹੁੰਦੀ ਹੈ। ਅਨੁਭਵੀ ਜਾਣਕਾਰੀ ਹੈ:

- ਯੂਕੇ ਦੇ ਕੇਂਦਰੀ ਰਿਕਾਰਡਾਂ ਵਿੱਚ ਦਰਜ ਦੋਸ਼ਸਿੱਧੀਆਂ ਅਤੇ ਚੇਤਾਵਨੀਆਂ;
- ਕੀ ਵਿਅਕਤੀ ਦਾ ਨਾਂ ਸੈਕਸ ਅਪਰਾਧ ਰਜਿਸਟਰ ਵਿੱਚ ਦਰਜ ਤਾਂ ਨਹੀਂ ਹੈ;
- ਇਸ ਨਾਲ ਸਬੰਧਤ ਹੋਰ ਜਾਣਕਾਰੀ, ਜਿਸ ਵਿੱਚ ਸਬੰਧਤ ਪੁਲਿਸ ਬਲਾਂ ਦੁਆਰਾ ਪ੍ਰਦਾਨ ਕੀਤੀ ਗਈ ਗੈਰ-ਦੋਸ਼ਸਿੱਧੀ ਜਾਣਕਾਰੀ ਸ਼ਾਮਲ ਹੋਵੇ; ਅਤੇ
- ਨਿਰਧਾਰਤ ਸਿਵਿਲ ਆਦੇਸ਼।

**36.** ਅਜਿਹੇ ਸਿਵਿਲ ਆਦੇਸ਼, ਜਿਨ੍ਹਾਂ ਦਾ ਖੁਲਾਸਾ ਢੁੱਕਵੀਂ ਬਿਆਨਬਾਜੀ ਦੇ ਨਾਲ ਵਿਸਤਰਤ ਪ੍ਰਕਟੀਕਰਨ ਤੇ ਕੀਤਾ ਜਾ ਸਕਦਾ ਹੈ, ਦਾ ਖੁਲਾਸਾ ਸਕੀਮ ਰਿਕਾਰਡ ਵਿੱਚ ਅਨੁਭਵੀ ਜਾਣਕਾਰੀ ਦੇ ਤੌਰ ਤੇ ਵੀ ਕੀਤਾ ਜਾ ਸਕਦਾ ਹੈ (ਉੱਪਰ ਪੈਰਾ 30 ਦੇਖੋ)।

**37.** ਸਕੀਮ ਰਿਕਾਰਡ ਵਿੱਚ ਨਿਮਨਲਿਖਤ ਜਾਣਕਾਰੀ ਵੀ ਸ਼ਾਮਲ ਹੁੰਦੀ ਹੈ:

- ਵਿਅਕਤੀ ਦਾ ਨਾਂ, ਪਤਾ, ਜਨਮ ਤਾਰੀਖ ਅਤੇ PVG ਸਕੀਮ ਮੈਂਬਰਸ਼ਿੱਪ ਸੰਖਿਆ;
- ਸਕੀਮ ਰਿਕਾਰਡ ਦਾ ਅਨੂਠਾ ਨੰਬਰ;
- ਪੰਜੀਕ੍ਰਿਤ ਵਿਅਕਤੀ ਦਾ ਨਾਂ ਅਤੇ ਪਤਾ ਅਤੇ ਕਾਉਂਟਰ-ਹਸਤਾਖਰਕਰਤਾ ਦਾ ਵੇਰਵਾ (ਪੰਜੀਕ੍ਰਿਤ ਵਿਅਕਤੀ ਅਤੇ ਕਿਸੇ ਨਿਆਮਕ ਸੰਸਥਾ ਲਈ ਕਾਪੀ ਤੇ); ਅਤੇ
- ਨਿਆਮਕ ਸੰਸਥਾ ਦਾ ਨਾਂ ਅਤੇ ਪਤਾ ਅਤੇ ਪੰਜੀਕਰਨ ਸੰਖਿਆ (ਸਿਰਫ ਨਿਆਮਕ ਸੰਸਥਾ ਦੀ ਕਿਸੇ ਕਾਪੀ ਤੇ)।

## ਸਕੀਮ ਰਿਕਾਰਡ ਨਵੀਨੀਕਰਨ

**38.** ਸਕੀਮ ਰਿਕਾਰਡ ਨਵੀਨੀਕਰਨ ਨੂੰ ਸੰਸਥਾਵਾਂ ਦੇ ਇਸਤੇਮਾਲ ਲਈ ਬਣਾਇਆ ਗਿਆ ਹੈ ਜਦੋਂ ਵਿਅਕਤੀ ਕੋਲੋਂ ਇਹ ਪੁੱਛਿਆ ਜਾਂਦਾ ਹੈ ਕਿ ਉਨ੍ਹਾਂ ਲਈ ਵਿਵਸਥਿਤ ਕੰਮ ਕਰਨ ਲਈ ਕਿਹੜਾ ਪਹਿਲਾਂ ਤੋਂ ਹੀ PVG ਸਕੀਮ ਮੈਂਬਰ ਹੈ (ਅਤੇ ਕਿਸਨੂੰ ਅਤੀਤ ਵਿੱਚ ਸਕੀਮ ਰਿਕਾਰਡ ਜਾਰੀ ਕੀਤਾ ਗਿਆ ਹੈ)। ਸੰਸਥਾ ਇੱਕ ਪੰਜੀਕ੍ਰਿਤ ਵਿਅਕਤੀ ਹੋਣੀ ਚਾਹੀਦੀ ਹੈ ਜਾਂ ਉਨ੍ਹਾਂ ਵੱਲੋਂ ਇੱਕ ਪੰਜੀਕ੍ਰਿਤ ਵਿਅਕਤੀ ਦੇ ਰੂਪ ਵਿੱਚ ਕੰਮ ਕਰਨ ਲਈ ਇੱਕ ਅੰਬਰੇਲਾ ਬਾਡੀ ਦੀ ਵਰਤੋਂ ਕਰੇ।

**39.** ਸਕੀਮ ਰਿਕਾਰਡ ਨਵੀਨੀਕਰਨ ਬੁਨਿਆਦੀ ਮੈਂਬਰਸ਼ਿੱਪ ਜਾਣਕਾਰੀ ਨੂੰ ਦਰਸ਼ਾਉਂਦਾ ਹੈ:

- ਉਸ ਕਿਸਮ(ਮਾਂ) ਦਾ ਵਿਵਸਥਿਤ ਕੰਮ ਜਿਸਦੇ ਸਬੰਧ ਵਿੱਚ ਵਿਅਕਤੀ PVG ਸਕੀਮ ਮੈਂਬਰ ਹੈ (ਇਸਦੇ ਫਲਸਰੂਪ ਪੁਸ਼ਟੀ ਕਰਦੇ ਹੋਏ ਕਿ ਵਿਅਕਤੀ ਉਸ ਕਿਸਮ ਦੇ ਵਿਵਸਥਿਤ ਕੰਮ ਤੋਂ ਬਾਧਿਤ ਨਹੀਂ ਹੈ); ਅਤੇ
- ਜੇ ਵਿਅਕਤੀ ਵਿਵਸਥਿਤ ਕੰਮ ਦੀ ਕਿਸਮ(ਮਾਂ) ਦੀ ਸੂਚੀ ਲਈ ਵਿਚਾਰੇ ਜਾਣ ਯੋਗ ਹੈ, ਇਸ ਤੱਥ ਨੂੰ ਬਿਆਨਦਾ ਹੈ।

40. ਸਕੀਮ ਰਿਕਾਰਡ ਨਵੀਨੀਕਰਨ ਵਿੱਚ ਨਿਮਨਲਿਖਤ ਸ਼ਾਮਲ ਹੈ:
- ਜਿਸ ਤਾਰੀਖ ਨੂੰ PVG ਸਕੀਮ ਮੈਂਬਰ ਦੇ ਸਕੀਮ ਰਿਕਾਰਡ ਦਾ ਪਿਛਲੀ ਵਾਰ ਖੁਲਾਸਾ ਕੀਤਾ ਗਿਆ ਸੀ (ਅਤੇ ਵਿਅਕਤੀ ਦੀ ਕਾਪੀ ਦਾ ਪ੍ਰਕਟੀਕਰਨ ਰਿਕਾਰਡ ਨੰਬਰ);
- ਇਹ ਬਿਆਨ ਕਿ ਕੀ ਸਕੀਮ ਰਿਕਾਰਡ ਵਿੱਚ ਅਨੁਭਵੀ ਜਾਣਕਾਰੀ ਸ਼ਾਮਲ ਹੈ ਜਾਂ ਨਹੀਂ;
- ਜਾਂ ਬਿਆਨ ਇਹ ਪੁਸ਼ਟੀ ਕਰੇ ਕਿ ਕੋਈ ਵੀ ਨਵੀਂ ਅਨੁਭਵੀ ਜਾਣਕਾਰੀ ਨੂੰ ਪਿਛਲੀ ਵਾਰ ਸਕੀਮ ਰਿਕਾਰਡ ਦਾ ਖੁਲਾਸਾ ਹੋਣ ਦੇ ਬਾਅਦ ਤੋਂ ਜਾਂ ਹਰ ਇੱਕ ਸੰਮਿਲਨ ਦੀ ਤਾਰੀਖ ਦੇ ਬਾਅਦ ਤੋਂ ਨਹੀਂ ਸ਼ਾਮਲ ਕੀਤਾ ਗਿਆ ਹੈ;
- ਜਾਂ ਬਿਆਨ ਇਹ ਪੁਸ਼ਟੀ ਕਰੇ ਕਿ ਕੋਈ ਵੀ ਨਵੀਂ ਅਨੁਭਵੀ ਜਾਣਕਾਰੀ ਨੂੰ ਪਿਛਲੀ ਵਾਰ ਸਕੀਮ ਰਿਕਾਰਡ ਦਾ ਖੁਲਾਸਾ ਹੋਣ ਦੇ ਬਾਅਦ ਤੋਂ ਜਾਂ ਹਰ ਇੱਕ ਸੰਮਿਲਨ ਦੀ ਤਾਰੀਖ ਦੇ ਬਾਅਦ ਤੋਂ ਨਹੀਂ ਹਟਾਇਆ ਗਿਆ ਹੈ।

41. ਸਕੀਮ ਰਿਕਾਰਡ ਨਵੀਨੀਕਰਨ ਵਿੱਚ ਨਿਮਨਲਿਖਤ ਜਾਣਕਾਰੀ ਵੀ ਸ਼ਾਮਲ ਹੁੰਦੀ ਹੈ:
- ਵਿਅਕਤੀ ਦਾ ਨਾਂ, ਪਤਾ, ਜਨਮ ਤਾਰੀਖ ਅਤੇ PVG ਸਕੀਮ ਮੈਂਬਰਸ਼ਿੱਪ ਸੰਖਿਆ;
- ਸਕੀਮ ਰਿਕਾਰਡ ਨਵੀਨੀਕਰਨ ਦੀ ਅਨੂਠੀ ਸੰਖਿਆ; ਅਤੇ
- ਪੰਜੀਕ੍ਰਿਤ ਵਿਅਕਤੀ ਦਾ ਨਾਂ ਅਤੇ ਪਤਾ ਅਤੇ ਕਾਊਂਟਰ-ਹਸਤਾਖਰਕਰਤਾ ਦਾ ਵੇਰਵਾ।

42. ਸਕੀਮ ਰਿਕਾਰਡ ਨਵੀਨੀਕਰਨ ਵਿੱਚ ਕੋਈ ਵੀ ਅਨੁਭਵੀ ਜਾਣਕਾਰੀ ਸ਼ਾਮਲ ਨਹੀਂ ਹੈ।

### ਸਕੀਮ ਮੈਂਬਰਸ਼ਿੱਪ ਬਿਆਨ

43. ਸਕੀਮ ਮੈਂਬਰਸ਼ਿੱਪ ਬਿਆਨ ਨਿਜੀ ਮਾਲਕਾਂ ਲਈ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਉਨ੍ਹਾਂ ਲਈ ਵਿਵਸਥਿਤ ਕੰਮ ਕਰਨ ਲਈ ਵਿਅਕਤੀ ਕੋਲੋਂ ਪੁੱਛਿਆ ਜਾਂਦਾ ਹੈ ਜਾਂ ਉਨ੍ਹਾਂ ਵਿਅਕਤੀਆਂ ਦੁਆਰਾ ਪੂਰਵਭਾਸੀ ਇਸਤੇਮਾਲ ਲਈ ਹੈ ਜੋ ਭਵਿੱਖ ਵਿੱਚ ਕਿਸੇ ਸਮੇਂ ਤੇ ਵਿਵਸਥਿਤ ਕੰਮ ਕਰਨਾ ਚਾਹੁੰਦੇ ਹਨ। ਜਿਵੇਂ ਕਿ ਇਹ ਨਿਜੀ ਮਾਲਕਾਂ ਨਾਲ ਸਾਂਝਾ ਕਰਨ ਲਈ ਹੈ, ਇਸ ਵਿੱਚ ਅਨੁਭਵੀ ਜਾਣਕਾਰੀ ਸ਼ਾਮਲ ਨਹੀਂ ਹੁੰਦੀ। ਪੰਜੀਕ੍ਰਿਤ ਵਿਅਕਤੀਆਂ ਨੂੰ ਆਮ ਤੌਰ ਤੇ ਇਸ ਪ੍ਰਕਾਰ ਦੇ ਪ੍ਰਕਟੀਕਰਨ ਲਈ ਬੇਨਤੀ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਵਿੱਚ ਉਹ ਸਾਰੀ ਜਾਣਕਾਰੀ ਸ਼ਾਮਲ ਨਹੀਂ ਹੁੰਦੀ ਜਿਸਦੇ ਉਹ ਹੱਕਦਾਰ ਹਨ (ਪਰ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਨਹੀਂ ਜਾਂਦਾ)।

44. ਸਕੀਮ ਮੈਂਬਰਸ਼ਿੱਪ ਬਿਓਰਾ ਬੁਨਿਆਦੀ ਮੈਂਬਰਸ਼ਿੱਪ ਜਾਣਕਾਰੀ ਦਰਸ਼ਾਉਂਦਾ ਹੈ:
- ਉਸ ਕਿਸਮ(ਮਾਂ) ਦਾ ਵਿਵਸਥਿਤ ਕੰਮ ਜਿਸਦੇ ਸਬੰਧ ਵਿੱਚ ਵਿਅਕਤੀ PVG ਸਕੀਮ ਮੈਂਬਰ ਹੈ (ਇਸਦੇ ਫਲਸਰੂਪ ਪੁਸ਼ਟੀ ਕਰਦੇ ਹੋਏ ਕਿ ਵਿਅਕਤੀ ਉਸ ਕਿਸਮ ਦੇ ਵਿਵਸਥਿਤ ਕੰਮ ਤੋਂ ਬਾਧਿਤ ਨਹੀਂ ਹੈ); ਅਤੇ
- ਜੇ ਵਿਅਕਤੀ ਵਿਵਸਥਿਤ ਕੰਮ ਦੀ ਕਿਸਮ(ਮਾਂ) ਦੀ ਸੂਚੀ ਲਈ ਵਿਚਾਰੇ ਜਾਣ ਯੋਗ ਹੈ, ਇਸ ਤੱਥ ਨੂੰ ਬਿਆਨਦਾ ਹੈ।

45. ਸਕੀਮ ਮੈਂਬਰਸ਼ਿੱਪ ਬਿਓਰੇ ਵਿੱਚ ਨਿਮਨਲਿਖਤ ਜਾਣਕਾਰੀ ਵੀ ਸ਼ਾਮਲ ਹੁੰਦੀ ਹੈ:
- ਵਿਅਕਤੀ ਦਾ ਨਾਂ, ਪਤਾ, ਜਨਮ ਤਾਰੀਖ ਅਤੇ PVG ਸਕੀਮ ਮੈਂਬਰਸ਼ਿੱਪ ਸੰਖਿਆ;
- ਸਕੀਮ ਮੈਂਬਰਸ਼ਿੱਪ ਸਟੇਟਮੈਂਟ ਦੀ ਅਨੂਠੀ ਸੰਖਿਆ; ਅਤੇ
- ਮਾਲਕ ਦੀ ਨਿਜੀ ਕਾਪੀ ਤੇ ਨਿਜੀ ਮਾਲਕ ਦਾ ਨਾਂ ਅਤੇ ਪਤਾ (ਜੇ ਲਾਗੂ ਹੋਵੇ)।

# ਪੰਜੀਕਰਨ

### 1997 ਅਧਿਨਿਯਮ ਦੀ ਧਾਰਾ 120 ਦੇ ਤਹਿਤ ਪੰਜੀਕਰਨ ਲਈ ਕੌਣ ਅਰਜ਼ੀ ਦੇ ਸਕਦਾ ਹੈ?

46. ਪੰਜੀਕਰਨ ਅਰਜ਼ੀਆਂ 1997 ਅਧਿਨਿਯਮ ਦੇ ਭਾਗ V ਦੀ ਧਾਰਾ 120 ਦੇ ਤਹਿਤ ਡਿਸਕਲੋਜ਼ਰ ਸਕਾਟਲੈਂਡ ਨੂੰ ਦਿੱਤੀਆਂ ਜਾਂਦੀਆਂ ਹਨ। ਇੰਗਲੈਂਡ ਅਤੇ ਵੇਲਸ, ਜਾਂ ਨੋਰਦਰਨ ਆਇਰਲੈਂਡ ਵਿੱਚ ਸਥਾਨਾਂ ਲਈ, ਅਰਜ਼ੀਆਂ ਨੂੰ ਇੱਕ ਢੁੱਕਵੀਂ ਸੰਸਥਾ ਵਿੱਚ ਜਮ੍ਹਾਂ ਕਰਵਾਉਣਾ ਚਾਹੀਦਾ ਹੈ, ਜਿਵੇਂ: ਇੰਗਲੈਂਡ ਅਤੇ ਵੇਲਸ ਵਿੱਚ ਸਥਾਨਾਂ ਲਈ ਕ੍ਰਿਮਿਨਲ ਰਿਕਾਰਡ ਬਿਊਰੋ (CRB), ਅਤੇ ਨੋਰਦਰਨ ਆਇਰਲੈਂਡ ਵਿੱਚ ਸਥਾਨਾਂ ਲਈ ਐਕਸੈਸਐੱਨਆਈ (AccessNI)।

47. ਮਾਨਕ ਅਤੇ ਵਿਸਤਰਤ ਪ੍ਰਕਟੀਕਰਨਾਂ ਦੀ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰਨ, ਜਾਂ PVG ਪ੍ਰਕਟੀਕਰਨ ਬੇਨਤੀਆਂ ਦੇ ਸਬੰਧ ਵਿੱਚ ਘੋਸ਼ਣਾ-ਪੱਤਰ ਬਣਾਉਣ ਦੇ ਚਾਹਵਾਨ ਵਿਅਕਤੀਆਂ ਲਈ ਡਿਸਕਲੋਜ਼ਰ ਸਕਾਟਲੈਂਡ ਵਿੱਚ ਪੰਜੀਕ੍ਰਿਤ ਹੋਣਾ ਲਾਜ਼ਮੀ ਹੈ। ਪੰਜੀਕਰਨ ਲਈ ਅਰਜ਼ੀਆਂ ਦੇਣ ਵਾਲੇ ਵਿਅਕਤੀਆਂ ਲਈ ਕੁਝ ਸ਼ਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। ਪੰਜੀਕਰਨ ਲਈ ਅਰਜ਼ੀ ਦੇਣ ਵਾਲੇ ਵਿਅਕਤੀ ਲਈ ਪੂਰੀਆਂ ਕਰਨ ਯੋਗ ਸ਼ਰਤਾਂ ਹੇਠ ਲਿਖੀਆਂ ਹਨ:

- ਉਹ ਇੱਕ ਨਿਗਮਿਤ ਜਾਂ ਅਨਿਗਮਿਤ ਸੰਸਥਾ ਹੋਵੇ,
- ਵਿਅਕਤੀ ਨੂੰ ਇੱਕ ਵਿਧਾਨਿਕ ਦਫਤਰ-ਧਾਰਕ ਦੇ ਰੂਪ ਵਿੱਚ ਨਿਯੁਕਤ ਕੀਤਾ ਗਿਆ ਹੋਵੇ, ਜਾਂ
- ਉਹ ਵਿਅਕਤੀ ਜੋ ਕਾਰੋਬਾਰ ਵਿੱਚ ਦੂਜਿਆਂ ਨੂੰ ਨਿਯੁਕਤ ਕਰਦਾ ਹੋਵੇ।

**48.** ਇਸ ਤੋਂ ਇਲਾਵਾ, ਵਿਅਕਤੀ (ਭਾਵੇਂ ਉਹ ਵਿਅਕਤੀ ਇੱਕ ਵਿਅਕਤੀ ਹੈ, ਵਿਅਕਤੀ ਨੂੰ ਵਿਧਾਨਿਕ ਦਫਤਰ-ਧਾਰਕ ਦੇ ਰੂਪ ਵਿੱਚ ਨਿਯੁਕਤ ਕੀਤਾ ਗਿਆ ਹੋਵੇ ਜਾਂ ਉਹ ਨਿਗਮਿਤ ਜਾਂ ਅਨਿਗਮਿਤ ਸੰਸਥਾ ਹੋਵੇ) ਡਿਸਕਲੋਜ਼ਰ ਸਕਾਟਲੈਂਡ ਦੀ ਸੰਤੁਸ਼ਟੀ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਕਿ ਉਹ 2003 ਆਦੇਸ਼ ਦੇ ਅਧੀਨ ਛੂਟ-ਪ੍ਰਾਪਤ ਸੁਆਲ ਪੁੱਛ ਸਕਦੇ ਹਨ। ਜੇ ਪੰਜੀਕ੍ਰਿਤ ਵਿਅਕਤੀ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰਦਾ ਹੈ ਜਾਂ ਹੋਰਨਾਂ ਸੰਸਥਾਵਾਂ ਜਾਂ ਵਿਅਕਤੀਆਂ ਵੱਲੋਂ PVG ਘੋਸ਼ਣਾ-ਪੱਤਰ ਜਾਂ ਬੇਨਤੀਆਂ ਬਣਾਉਂਦਾ ਹੈ, ਤਾਂ ਪੰਜੀਕ੍ਰਿਤ ਵਿਅਕਤੀ ਲਈ ਡਿਸਕਲੋਜ਼ਰ ਸਕਾਟਲੈਂਡ ਨੂੰ ਸੰਤੁਸ਼ਟ ਕਰਨਾ ਲਾਜ਼ਮੀ ਹੁੰਦਾ ਹੈ ਕਿ ਉਹ ਸੰਸਥਾਵਾਂ ਜਾਂ ਵਿਅਕਤੀ, ਜਿਨ੍ਹਾਂ ਵੱਲੋਂ ਉਹ ਕੰਮ ਕਰ ਰਹੇ ਹਨ, ਉਹ ਛੂਟ-ਪ੍ਰਾਪਤ ਸੁਆਲ ਪੁੱਛਣ ਦੇ ਹੱਕਦਾਰ ਹਨ।

**49.** ਸ਼ੁਰੂਆਤੀ ਪੰਜੀਕਰਨ ਪ੍ਰਕਿਰਿਆ ਦਾ ਹਿੱਸਾ ਹੋਣ ਦੇ ਨਾਤੇ, ਡਿਸਕਲੋਜ਼ਰ ਸਕਾਟਲੈਂਡ ਇਹ ਪਤਾ ਲਗਾਉਣ ਲਈ ਜਾਂਚਾਂ ਕਰੇਗੀ ਕਿ ਕੀ ਪੰਜੀਕ੍ਰਿਤ ਵਿਅਕਤੀਆਂ, ਮੁੱਖ ਹਸਤਾਖਰ-ਕਰਤਾਵਾਂ ਜਾਂ ਕਾਉਂਟਰ-ਹਸਤਾਖਰਕਰਤਾਵਾਂ ਲਈ ਅਰਜ਼ੀਆਂ ਦੇਣ ਵਾਲੇ ਲੋਕ ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਲਈ ਉਚਿਤ ਲੋਕ ਹਨ। ਅਜਿਹੇ ਵਿਅਕਤੀ, ਜਿਨ੍ਹਾਂ ਨੂੰ ਯੋਗ ਸਮਝਿਆ ਜਾਂਦਾ ਹੈ, ਨੂੰ ਲਿਖਤੀ ਰੂਪ ਵਿੱਚ ਸਲਾਹ ਦਿੱਤੀ ਜਾਵੇਗੀ ਕਿ ਉਨ੍ਹਾਂ ਨੂੰ ਮਨਜ਼ੂਰ ਕੀਤਾ ਗਿਆ ਹੈ ਅਤੇ ਉਹ ਆਪਣੀ ਪੰਜੀਕ੍ਰਿਤ ਸੰਸਥਾ ਦਾ ਕੋਡ ਅਤੇ ਅਨੂਠੇ ਕਾਉਂਟਰ- ਹਸਤਾਖਰਕਰਤਾ ਕੋਡ ਦੇ ਵੇਰਵਿਆਂ ਨੂੰ ਪ੍ਰਾਪਤ ਕਰਨਗੇ। ਇਸ ਤੋਂ ਇਲਾਵਾ, ਡਿਸਕਲੋਜ਼ਰ ਸਕਾਟਲੈਂਡ ਇਹ ਪੁਸ਼ਟੀ ਕਰਨ ਲਈ ਮੌਜੂਦਾ ਉਚਿਤਤਾ ਜਾਂਚਾਂ ਕਰੇਗਾ ਕਿ ਰਜਿਸਟਰ ਵਿੱਚ ਸੂਚੀਬੱਧ ਕੋਈ ਵੀ ਵਿਅਕਤੀ ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਲਈ ਯੋਗ ਠਹਿਰਾਉਣ ਲਈ ਰਹਿ ਤਾਂ ਨਹੀਂ ਗਿਆ ਹੈ। ਪੰਜੀਕਰਨ ਦੇ ਪਹਿਲੇ ਸਾਲ ਦੇ ਦੌਰਾਨ, ਡਿਸਕਲੋਜ਼ਰ ਸਕਾਟਲੈਂਡ ਪ੍ਰਾਪਤ ਕੀਤੀਆਂ ਅਰਜ਼ੀਆਂ ਜਾਂ ਬੇਨਤੀਆਂ ਦਾ ਨਿਰਿਖਣ ਕਰੇਗਾ ਇਹ ਯਕੀਨੀ ਬਣਾਉਣ ਲਈ ਕਿ ਸੰਸਥਾਵਾਂ ਨੂੰ ਵਿਧਾਨਾਂ ਦੀ ਸਮਝ ਹੈ। ਇਸ ਨਾਲ ਫਾਰਮਾਂ ਦੇ ਪੂਰੇ ਹੋਣ ਵਿੱਚ ਗਲਤੀ ਹੋਣ ਦੀ ਸੰਭਾਵਨਾ ਘੱਟ ਹੋਵੇਗੀ।

**50.** ਪੰਜੀਕ੍ਰਿਤ ਵਿਅਕਤੀ ਬੁਨਿਆਦੀ ਪ੍ਰਕਟੀਕਰਨਾਂ ਦੇ ਸਬੰਧ ਵਿੱਚ ਭੂਮਿਕਾ ਅਦਾ ਕਰ ਸਕਦੇ ਹਨ। ਇਨ੍ਹਾਂ ਹਲਾਤਾਂ ਵਿੱਚ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਸੰਸਥਾ ਵਿਅਕਤੀ ਦੀ ਪਛਾਣ ਨੂੰ ਅਧਿਕਾਰਤ ਕਰੇਗੀ ਅਤੇ ਡਿਸਕਲੋਜ਼ਰ ਸਕਾਟਲੈਂਡ ਨੂੰ ਅਰਜ਼ੀ ਜਮਾਂ ਕਰਵਾਉਣ ਤੋਂ ਪਹਿਲਾਂ ਜਾਣਕਾਰੀ ਦੀ ਸਟੀਕਤਾ ਨੂੰ ਯਕੀਨੀ ਬਣਾਵੇਗੀ।

## ਦੂਜਿਆਂ ਵੱਲੋਂ ਕੰਮ ਕਰਨ ਵਾਲੇ ਪੰਜੀਕ੍ਰਿਤ ਵਿਅਕਤੀ – "ਅੰਬਰੇਲਾ ਬਾਡੀ" (ਸੰਸਥਾ ਜੋ ਰਾਹਨੁਮਾਈ ਅਤੇ ਸੁਰੱਖਿਆ ਪ੍ਰਦਾਨ ਕਰਦੀ ਹੈ) ਦੇ ਰੂਪ ਵਿੱਚ ਕੰਮ ਕਰਨਾ

**51.** ਅੰਬਰੇਲਾ ਬਾਡੀਜ਼ ਮਾਨਕ ਜਾਂ ਵਿਸਤਰਤ ਪ੍ਰਕਟੀਕਰਨਾਂ ਲਈ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰ ਸਕਦੀਆਂ ਹਨ ਜਾਂ ਦੂਜੀਆਂ ਸੰਸਥਾਵਾਂ ਵੱਲੋਂ ਪੀਵੀਜੀ ਪ੍ਰਕਟੀਕਰਨ ਬੇਨਤੀਆਂ ਦੇ ਸਬੰਧ ਵਿੱਚ ਘੋਸ਼ਣਾ-ਪੱਤਰ ਬਣਾ ਸਕਦੀਆਂ ਹਨ। ਦੂਜਿਆਂ ਵੱਲੋਂ ਮਾਨਕ ਪ੍ਰਕਟੀਕਰਨ ਬੇਨਤੀਆਂ ਤੇ ਕਾਉਂਟਰ-ਹਸਤਾਖਰ ਕਰਨ ਵਾਲੀਆਂ ਅੰਬਰੇਲਾ ਬਾਡੀਜ਼ ਨੂੰ ਆਪਣੀ ਸੰਤੁਸ਼ਟੀ ਕਰਨੀ ਚਾਹੀਦੀ ਹੈ ਕਿ ਜਿਨ੍ਹਾਂ ਵੱਲੋਂ ਉਹ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰਦੇ ਹਨ, ਉਹ ਉਸ ਸੰਸਥਾ ਜਾਂ ਵਿਅਕਤੀ ਦੇ ਪ੍ਰਭਾਵ ਹੇਠ, ਜੋ ਕ੍ਰਿਮਿਨਲ ਰਿਕਾਰਡਸ ਰੇਗੁਲੇਸ਼ਨਸ ਵਿੱਚ ਦਿੱਤੇ ਕਿਸੇ ਨਿਰਧਾਰਤ ਉਦੇਸ਼ ਲਈ ਛੂਟ-ਪ੍ਰਾਪਤ ਸੁਆਲ ਪੁੱਛਣ ਦੇ ਹੱਕਦਾਰ ਹਨ, ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਦੇ ਹੱਕਦਾਰ ਹਨ। ਵਿਸਤਰਤ ਪ੍ਰਕਟੀਕਰਨਾਂ ਲਈ, ਸੰਸਥਾ ਜਾਂ ਵਿਅਕਤੀ ਕ੍ਰਿਮਿਨਲ ਰਿਕਾਰਡਸ ਰੇਗੁਲੇਸ਼ਨਸ[7] ਵਿੱਚ ਨਿਰਧਾਰਤ ਉਦੇਸ਼ ਲਈ ਛੂਟ-ਪ੍ਰਾਪਤ ਸੁਆਲ ਪੁੱਛਣ ਦਾ ਹੱਕਦਾਰ ਹੋਣਾ ਚਾਹੀਦਾ ਹੈ।

**52.** ਦੂਜਿਆਂ ਵੱਲੋਂ PVG ਪ੍ਰਕਟੀਕਰਨ ਬੇਨਤੀਆਂ ਦੇ ਸਬੰਧ ਵਿੱਚ ਘੋਸ਼ਣਾ-ਪੱਤਰ ਬਣਾਉਣ ਵਾਲੀਆਂ ਅੰਬਰੇਲਾ ਬਾਡੀਜ਼ ਨੂੰ ਆਪਣੀ ਸੰਤੁਸ਼ਟੀ ਕਰਨੀ ਚਾਹੀਦੀ ਹੈ ਕਿ ਜਿਨ੍ਹਾਂ ਵੱਲੋਂ ਉਹ ਘੋਸ਼ਣਾ-ਪੱਤਰ ਬਣਾ ਰਹੇ ਹਨ, ਉਹ ਉਸ ਸੰਸਥਾ ਜਾਂ ਵਿਅਕਤੀ ਦੇ ਪ੍ਰਭਾਵ ਹੇਠ, 2007 ਅਧਿਨਿਯਮ ਦੇ ਤਹਿਤ ਵਿਅਕਤੀ ਦੀ ਵਿਵਸਥਿਤ ਕੰਮ ਕੀਤੇ ਜਾਣ ਦੀ ਉਚਿਤਤਾ ਜਾਂ ਵਿਵਸਥਿਤ ਕੰਮ ਕਰਨ ਜਾਂ ਜਾਰੀ ਰੱਖਣ ਦੀ ਵਿਅਕਤੀ ਦੀ ਉਚਿਤਤਾ ਤੇ ਵਿਚਾਰ ਕਰਨ ਦੇ ਸਬੰਧ ਵਿੱਚ ਛੂਟ-ਪ੍ਰਾਪਤ ਸੁਆਲ ਪੁੱਛ ਸਕਦੇ ਹਨ, ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਦੇ ਹੱਕਦਾਰ ਹਨ।

**53.** ਅੰਬਰੇਲਾ ਬਾਡੀਜ਼ ਨੂੰ ਇਹ ਯਕੀਨੀ ਬਣਾਉਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ ਕਿ ਜਿਨ੍ਹਾਂ ਵੱਲੋਂ ਉਹ ਕੰਮ ਕਰ ਰਹੇ ਹਨ ਅਤੇ ਜਿਨ੍ਹਾਂ ਨੂੰ ਉਹ ਪ੍ਰਕਟੀਕਰਨ ਜਾਣਕਾਰੀ ਦਿੰਦੇ ਹਨ, ਉਹ ਪ੍ਰਕਟੀਕਰਨ ਜਾਣਕਾਰੀ ਦੇ ਇਸਤੇਮਾਲ ਨਾਲ ਸਬੰਧਤ ਇਸ ਨੇਮਾਵਲੀ ਦੀਆਂ ਲੋੜਾਂ ਦੀ ਪਾਲਣਾ ਕਰਨ। ਵਾਜਬ ਕਦਮਾਂ ਵਿੱਚ ਉਨ੍ਹਾਂ ਦਾ ਰਿਕਾਰਡ ਰੱਖਣਾ ਜਿਨ੍ਹਾਂ ਵੱਲੋਂ ਉਹ ਕੰਮ ਕਰਦੇ ਹਨ ਅਤੇ ਇਹ ਸਬੂਤ ਦੇਣਾ ਕਿ ਉਹ ਯਕੀਨੀ ਬਣਾ ਰਹੇ ਹਨ ਕਿ ਜਿਨ੍ਹਾਂ ਨੂੰ ਉਹ ਜਾਣਕਾਰੀ ਦੇ ਰਹੇ ਹਨ, ਉਹ ਨੇਮਾਵਲੀ ਦੀ ਪਾਲਣਾ ਕਰਦੇ ਹਨ, ਸ਼ਾਮਲ ਹੈ। ਜੇ ਅੰਬਰੇਲਾ ਬਾਡੀ ਨੇਮਾਵਲੀ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਵਾਜਬ ਕਦਮ ਚੁੱਕਣ ਵਿੱਚ ਅਸਫਲ ਰਹਿੰਦੀ ਹੈ ਤਾਂ ਡਿਸਕਲੋਜ਼ਰ ਸਕਾਟਲੈਂਡ ਵੱਲੋਂ ਉਸ ਅੰਬਰੇਲਾ ਬਾਡੀ ਦੀਆਂ ਅਰਜ਼ੀਆਂ ਜਾਂ ਬੇਨਤੀਆਂ ਦੀ ਕਾਰਵਾਈ ਕਰਨ ਤੋਂ ਮਨਾਂ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਅੰਬਰੇਲਾ ਬਾਡੀ ਦੀ ਵਰਤੋਂ ਕਰਦੇ ਕਿਸੇ ਵੀ ਵਿਅਕਤੀ ਜਾਂ ਸੰਸਥਾਂ ਦੁਆਰਾ ਇਸ ਨੇਮਾਵਲੀ ਦੀਆਂ ਲੋੜਾਂ ਦੀ ਪਾਲਣਾ ਕਰਨ ਵਿੱਚ ਅਸਫਲਤਾ ਵਜੋਂ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਉਸ ਵਿਅਕਤੀ ਜਾਂ ਸੰਸਥਾ ਦੀਆਂ ਅਰਜ਼ੀਆਂ ਜਾਂ ਬੇਨਤੀਆਂ ਤੇ ਕਾਰਵਾਈ ਕਰਨ ਤੋਂ ਮਨਾਹੀਂ ਕੀਤੀ ਜਾ ਸਕਦੀ ਹੈ।

**54.** ਡਿਸਕਲੋਜ਼ਰ ਸਕਾਟਲੈਂਡ ਦੇ ਨਾਲ ਗੈਰ-ਪੰਜੀਕ੍ਰਿਤ ਸੰਸਥਾਵਾਂ ਜਾਂ ਵਿਅਕਤੀਆਂ ਵੱਲੋਂ ਕੰਮ ਕਰਦੀਆਂ ਅੰਬਰੇਲਾ ਬਾਡੀਜ਼ ਨੂੰ ਡਿਸਕਲੋਜ਼ਰ ਸਕਾਟਲੈਂਡ ਵੱਲੋਂ ਉਨ੍ਹਾਂ ਵਿਅਕਤੀਆਂ ਜਾਂ ਸੰਸਥਾਵਾਂ ਦੇ ਵੇਰਵਿਆਂ ਦਾ ਖੁਲਾਸਾ ਕਰਨ ਲਈ ਆਖਿਆ ਜਾ ਸਕਦਾ ਹੈ ਜਿਨ੍ਹਾਂ ਵੱਲੋਂ ਉਹ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰਦੇ ਹਨ ਜਾਂ PVG ਘੋਸ਼ਣਾ-ਪੱਤਰ ਜਾਂ ਬੇਨਤੀਆਂ ਬਣਾਉਂਦੇ ਹਨ। ਇਸ ਜਾਣਕਾਰੀ ਦੀ ਲੋੜ ਡਿਸਕਲੋਜ਼ਰ ਸਕਾਟਲੈਂਡ ਗੁਣਵੱਤਾ

---

[7] ਪੁਲਿਸ ਅਧਿਨਿਯਮ 1997 (ਕ੍ਰਿਮਿਨਲ ਰਿਕਾਰਡਸ) (ਸਕਾਟਲੈਂਡ) ਰੇਗੁਲੇਸ਼ਨਸ 2010 (SSI 2010/168)।

ਗਰੰਟੀ ਪ੍ਰਕਿਰਿਆ ਦੇ ਹਿੱਸੇ ਵਜੋਂ ਹੋ ਸਕਦੀ ਹੈ।

## ਸਕਾਟਲੈਂਡ ਵਿੱਚ ਕੇਂਦਰੀ ਪੰਜੀਕ੍ਰਿਤ ਸੰਸਥਾ

**55.** ਸਕਾਟਲੈਂਡ ਵਿੱਚ ਕੇਂਦਰੀ ਪੰਜੀਕ੍ਰਿਤ ਸੰਸਥਾ (CRBS) ਵਲੰਟੀਅਰ ਡੈਵਲਪਮੈਂਟ ਸਕਾਟਲੈਂਡ ਦੀ ਅਗਵਾਈ ਹੇਠ ਸਥਾਪਿਤ ਕੀਤੀ ਗਈ ਹੈ। CRBS ਡਿਸਕਲੋਜ਼ਰ ਸਕਾਟਲੈਂਡ ਦੇ ਨਾਲ ਇੱਕ ਅੰਬਰੇਲਾ ਬਾਡੀ ਦੇ ਰੂਪ ਵਿੱਚ ਪੰਜੀਕ੍ਰਿਤ ਹੈ। ਇਹ ਸਕਾਟਲੈਂਡ ਵਿੱਚ ਮਾਹਰ ਸਵੈਸੇਵੀ ਸੰਸਥਾਵਾਂ[8] ਵੱਲੋਂ ਕੰਮ ਕਰ ਸਕਦੀ ਹੈ।

**56.** CRBS ਇਸ ਨੇਮਾਵਲੀ ਦੇ ਮੁਤਾਬਕ 1997 ਅਤੇ 2007 ਅਧਿਨਿਯਮਾਂ ਦੇ ਤਹਿਤ ਅਰਜ਼ੀਆਂ ਅਤੇ ਪ੍ਰਕਟੀਕਰਨ ਬੇਨਤੀਆਂ ਦੀ ਸੰਭਾਲ ਕਰੇਗੀ। CRBS ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਿਨ੍ਹਾਂ ਸੰਸਥਾਵਾਂ ਵੱਲੋਂ ਇਹ ਕੰਮ ਕਰ ਰਹੀ ਹੈ ਉਹ ਵਿਵਸਥਿਤ ਕੰਮ ਦੇ ਉਦੇਸ਼ਾਂ ਲਈ ਛੂਟ-ਪ੍ਰਾਪਤ ਸੁਆਲ ਪੁੱਛਣ ਦੀ ਆਪਣੇ ਹੱਕ ਦੇ ਅਧੀਨ ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਦੇ ਹੱਕਦਾਰ ਹਨ ਅਤੇ ਇਹ ਕਿ ਹੋਰ ਛੂਟ ਵਾਲੇ ਸਥਾਨ ਨੇਮਾਵਲੀ ਦੇ ਵਿਧਾਨਾਂ ਦੀ ਪਾਲਣਾ ਕਰਦੇ ਹਨ। CRBS ਦਾ ਇਸਤੇਮਾਲ ਇੱਕ ਅੰਬਰੇਲਾ ਬਾਡੀ ਦੇ ਰੂਪ ਵਿੱਚ ਕਰਨ ਵਾਲੇ ਵਿਅਕਤੀਆਂ ਜਾਂ ਨਿਗਮਿਤ ਜਾਂ ਅਨਿਗਮਿਤ ਸੰਸਥਾਵਾਂ ਦੁਆਰਾ CRBS ਅਤੇ ਇਸ ਨੇਮਾਵਲੀ ਦੀ ਲੋੜਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਤੇ CRBS ਉਨ੍ਹਾਂ ਵੱਲੋਂ ਆਉਣ ਵਾਲੀਆਂ ਅਰਜ਼ੀਆਂ ਜਾਂ ਬੇਨਤੀਆਂ ਦੀ ਕਾਰਵਾਈ ਕਰਨ ਤੋਂ ਮਨਾਂ ਕਰ ਸਕਦੀ ਹੈ। CRBS ਬਾਰੇ ਹੋਰ ਜਾਣਕਾਰੀ ਉਨ੍ਹਾਂ ਦੀ ਵੈੱਬਸਾਈਟ www.crbs.org.uk ਤੇ ਉਪਲਬਧ ਹੈ।

## 1997 ਅਧਿਨਿਯਮ ਦੇ ਤਹਿਤ ਰਜਿਸਟਰ

**57.** ਪੁਲਿਸ ਅਧਿਨਿਯਮ (ਕ੍ਰਿਮਿਨਲ ਰਿਕਾਰਡਸ) (ਪੰਜੀਕਰਨ) (ਸਕਾਟਲੈਂਡ) ਰੇਗੁਲੇਸ਼ਨਸ 2010 (SSI 2010/383) ("ਰਜਿਸਟ੍ਰੇਸ਼ਨ ਰੇਗੁਲੇਸ਼ਨਸ") ਵਿੱਚ ਸਕਾਟਿਸ਼ ਮੰਤਰੀਆਂ ਦੇ ਪੱਖ ਤੋਂ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਰਜਿਸਟਰ ਵਿੱਚ ਕੀਤੀਆਂ ਜਾਣ ਵਾਲੀਆਂ ਸ਼ਮੂਲੀਅਤਾਂ ਦਾ ਵੇਰਵਾ ਦਿੱਤਾ ਗਿਆ ਹੈ। ਇਹ ਇਸ ਪ੍ਰਕਾਰ ਹਨ:

**(a)** ਜੇ ਵਿਅਕਤੀ ਉਹ ਵਿਅਕਤੀ ਹੈ ਜੋ ਕਾਰੋਬਾਰ ਵਿੱਚ ਦੂਜਿਆਂ ਦੀ ਨਿਯੁਕਤੀ ਕਰਦਾ ਹੈ:

(i) ਵਿਅਕਤੀ ਦਾ ਪਿਛਲਾ ਨਾਂ, ਸਾਰੇ ਪਹਿਲੇ ਨਾਂ ਅਤੇ ਸਿਰਲੇਖ, ਕੋਈ ਵੀ ਪੁਰਾਣੇ ਪਿਛਲਾ ਨਾਂ ਅਤੇ ਪਹਿਲੇ ਨਾਂ, ਘਰ ਦਾ ਪਤਾ, ਜਨਮ ਤਾਰੀਖ, ਸਥਾਨ ਅਤੇ ਦੇਸ਼ ਅਤੇ ਕੋਈ ਵੀ ਮੌਜੂਦਾ ਕਾਰੋਬਾਰੀ ਪਤਾ, ਕਾਰੋਬਾਰੀ ਟੈਲੀਫੋਨ ਜਾਂ ਫੈਕਸ ਨੰਬਰ ਜਾਂ ਕੋਈ ਈ-ਮੇਲ ਪਤਾ ਜੋ ਉਸ ਵਿਅਕਤੀ ਦੁਆਰਾ ਗੱਲਬਾਤ ਕਰਨ ਦੇ ਉਦੇਸ਼ ਲਈ ਸਕਾਟਿਸ਼ ਮੰਤਰੀਆਂ ਨੂੰ ਦਿੱਤਾ ਗਿਆ ਹੈ;

(ii) ਉਹ ਤਾਰੀਖ ਜਦੋਂ ਵਿਅਕਤੀ ਦਾ ਨਾਂ ਪਹਿਲੀ ਵਾਰ ਰਜਿਸਟਰ ਵਿੱਚ ਸ਼ਾਮਲ ਕੀਤਾ ਗਿਆ ਸੀ;

(iii) ਸ਼ਾਮਲ ਕੀਤੇ ਗਏ ਵਿਅਕਤੀ ਨੂੰ ਦਿੱਤਾ ਗਿਆ ਨੰਬਰ;

(iv) ਛੂਟ-ਪ੍ਰਾਪਤ ਸੁਆਲਾਂ ਦਾ ਸਰੂਪ ਅਤੇ ਉਦੇਸ਼, ਜਿਨ੍ਹਾਂ ਦੇ ਵਿਅਕਤੀ ਦੁਆਰਾ ਪੁੱਛੇ ਜਾਣ ਦੀ ਸੰਭਾਵਨਾ ਹੈ; ਅਤੇ

(v) ਸ਼ਾਮਲ ਕੀਤੇ ਗਏ ਵਿਅਕਤੀ ਦੇ ਹਸਤਾਖਰ ਦਾ ਪ੍ਰਤੀਰੂਪ।

**(b)** ਜੇ ਵਿਅਕਤੀ ਨਿਗਮਿਤ ਜਾਂ ਅਨਿਗਮਿਤ ਸੰਸਥਾ ਹੈ:

(i) ਮੁੱਖ-ਹਸਤਾਖਰਕਰਤਾ ਅਤੇ ਹਰ ਕਾਉਂਟਰ-ਹਸਤਾਖਰਕਰਤਾ ਦਾ ਪਿਛਲਾ ਨਾਂ, ਸਾਰੇ ਪਹਿਲੇ ਨਾਂ ਅਤੇ ਸਿਰਲੇਖ, ਕੋਈ ਵੀ ਪੁਰਾਣੇ ਪਿਛਲਾ ਨਾਂ ਅਤੇ ਪਹਿਲੇ ਨਾਂ, ਘਰ ਦਾ ਪਤਾ, ਜਨਮ ਤਾਰੀਖ, ਸਥਾਨ ਅਤੇ ਦੇਸ਼ ਅਤੇ ਕੋਈ ਵੀ ਮੌਜੂਦਾ ਕਾਰੋਬਾਰੀ ਪਤਾ, ਕਾਰੋਬਾਰੀ ਟੈਲੀਫੋਨ ਜਾਂ ਫੈਕਸ ਨੰਬਰ ਜਾਂ ਕੋਈ ਈ-ਮੇਲ ਪਤਾ ਜੋ ਉਸ ਸੰਸਥਾ ਦੁਆਰਾ ਗੱਲਬਾਤ ਕਰਨ ਦੇ ਉਦੇਸ਼ ਲਈ ਸਕਾਟਿਸ਼ ਮੰਤਰੀਆਂ ਨੂੰ ਦਿੱਤਾ ਗਿਆ ਹੈ;

(ii) ਉਹ ਤਾਰੀਖ ਜਦੋਂ ਮੁੱਖ-ਹਸਤਾਖਰਕਰਤਾ ਜਾਂ ਹਰ ਕਾਉਂਟਰ-ਹਸਤਾਖਰਕਰਤਾ ਦਾ ਨਾਂ ਪਹਿਲੀ ਵਾਰ ਰਜਿਸਟਰ ਵਿੱਚ ਸ਼ਾਮਲ ਕੀਤਾ ਗਿਆ ਸੀ;

(iii) ਸ਼ਾਮਲ ਕੀਤੇ ਗਏ ਮੁੱਖ-ਹਸਤਾਖਰਕਰਤਾ ਜਾਂ ਹਰ ਕਾਉਂਟਰ-ਹਸਤਾਖਰਕਰਤਾ ਨੂੰ ਦਿੱਤਾ ਗਿਆ ਨੰਬਰ;

(iv) ਛੂਟ-ਪ੍ਰਾਪਤ ਸੁਆਲਾਂ ਦਾ ਸਰੂਪ ਅਤੇ ਉਦੇਸ਼, ਜਿਨ੍ਹਾਂ ਦੇ ਉਸ ਸੰਸਥਾ ਦੁਆਰਾ ਪੁੱਛੇ ਜਾਣ ਦੀ ਸੰਭਾਵਨਾ ਹੈ; ਅਤੇ

(v) ਮੁੱਖ-ਹਸਤਾਖਰਕਰਤਾ ਜਾਂ ਹਰ ਕਾਉਂਟਰ-ਹਸਤਾਖਰਕਰਤਾ ਦੇ ਹਸਤਾਖਰ ਦਾ ਪ੍ਰਤੀਰੂਪ;

[8] ਇਹ ਉਹ ਸੰਸਥਾਵਾਂ ਹਨ ਜਿਨ੍ਹਾਂ ਦੇ ਸਬੰਧ ਵਿੱਚ PVG ਪ੍ਰਕਟੀਕਰਨ ਰਿਕਾਰਡਾਂ ਦੀਆਂ ਫੀਸਾਂ ਸਵੈਸੇਵੀਆਂ ਲਈ ਛੱਡ ਦਿੱਤੀਆਂ ਜਾਂਦੀਆਂ ਹਨ, ਪ੍ਰਾਟੈਕਸ਼ਨ ਆਫ ਵਲਨਰੇਬਲ ਗਰੁੱਪਸ (ਸਕਾਟਲੈਂਡ) ਐਕਟ 2007 (ਸਕੀਮ ਮੈਂਬਰਸ਼ਿੱਪ ਅਤੇ ਪ੍ਰਕਟੀਕਰਨ ਬੇਨਤੀਆਂ ਲਈ ਫੀਸਾਂ) ਰੇਗੁਲੇਸ਼ਨਲ 2010 ਦੇਖੋ (SSI 2010/167)।

(vi) ਜੇ ਸੰਸਥਾ ਦੁਆਰਾ 1997 ਅਧਿਨਿਯਮ ਦੀ ਧਾਰਾ 113A (ਕ੍ਰਿਮਿਨਲ ਰਿਕਾਰਡ ਪ੍ਰਮਾਣ-ਪੱਤਰ) ਜਾਂ 113B (ਵਿਸਤਰਤ ਕ੍ਰਿਮਿਨਲ ਰਿਕਾਰਡ ਪ੍ਰਮਾਣ-ਪੱਤਰ) ਦੇ ਤਹਿਤ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰਨ ਦੀ ਸੰਭਾਵਨਾ ਹੈ ਜਾਂ ਜੇ ਸੰਸਥਾ ਦੁਆਰਾ ਛੂਟ-ਪ੍ਰਾਪਤ ਸੁਆਲ ਪੁੱਛਣ ਵਾਲੀਆਂ ਸੰਸਥਾਵਾਂ ਜਾਂ ਵਿਅਕਤੀਆਂ ਦੀ ਬੇਨਤੀ ਤੇ 2007 ਅਧਿਨਿਯਮ ਦੀ ਧਾਰਾ 52 (ਸਕੀਮ ਰਿਕਾਰਡਾਂ ਦਾ ਪ੍ਰਕਟੀਕਰਨ) ਜਾਂ 53 (ਛੋਟੇ ਸਕੀਮ ਰਿਕਾਰਡਾਂ ਦਾ ਪ੍ਰਕਟੀਕਰਨ) ਦੇ ਤਹਿਤ ਪ੍ਰਕਟੀਕਰਨ ਬੇਨਤੀਆਂ ਦੇ ਸਬੰਧ ਵਿੱਚ ਘੋਸ਼ਣਾ-ਪੱਤਰ ਬਣਾਉਣ ਦੀ ਸੰਭਾਵਨਾ ਹੈ ਅਤੇ, ਜੇ ਅਜਿਹਾ ਹੈ, ਤਾਂ ਉਨ੍ਹਾਂ ਸੁਆਲਾਂ ਦਾ ਸਰੂਪ ਅਤੇ ਉਦੇਸ਼; ਅਤੇ

(vii) ਜੇ ਵਿਅਕਤੀ ਨਿਗਮਿਤ ਜਾਂ ਅਨਿਗਮਿਤ ਸੰਸਥਾ ਹੈ, ਤਾਂ ਮੁੱਖ ਕਾਰਜਕਾਰੀ ਅਤੇ ਸਭਾਪਤੀ ਦੇ ਸਾਰੇ ਪਹਿਲੇ ਨਾਂ ਅਤੇ ਸਿਰਲੇਖ (ਜੇ ਵਿਅਕਤੀ ਮੁੱਖ- ਹਸਤਾਖਰਕਰਤਾ ਨਹੀਂ ਹੈ)।

**(c)** ਜੇ ਵਿਅਕਤੀ ਵਿਧਾਨਿਕ ਦਫਤਰ-ਧਾਰਕ ਹੈ:

(i) ਵਿਅਕਤੀ ਅਤੇ ਹਰ ਕਾਉਂਟਰ-ਹਸਤਾਖਰਕਰਤਾ ਦਾ ਪਿਛਲਾ ਨਾਂ, ਸਾਰੇ ਪਹਿਲੇ ਨਾਂ ਅਤੇ ਸਿਰਲੇਖ, ਕੋਈ ਵੀ ਪੁਰਾਣੇ ਪਿਛਲਾ ਨਾਂ ਅਤੇ ਪਹਿਲੇ ਨਾਂ, ਘਰ ਦਾ ਪਤਾ, ਜਨਮ ਤਾਰੀਖ, ਸਥਾਨ ਅਤੇ ਦੇਸ਼ ਅਤੇ ਕੋਈ ਵੀ ਮੌਜੂਦਾ ਕਾਰੋਬਾਰੀ ਪਤਾ, ਕਾਰੋਬਾਰੀ ਟੈਲੀਫੋਨ ਜਾਂ ਫੈਕਸ ਨੰਬਰ ਜਾਂ ਕੋਈ ਈ-ਮੇਲ ਪਤਾ ਜੋ ਗੱਲਬਾਤ ਕਰਨ ਦੇ ਉਦੇਸ਼ ਲਈ ਸਕਾਟਿਸ਼ ਮੰਤਰੀਆਂ ਨੂੰ ਦਿੱਤਾ ਗਿਆ ਹੈ;

(ii) ਉਹ ਤਾਰੀਖ ਜਦੋਂ ਵਿਅਕਤੀ ਅਤੇ ਹਰ ਕਾਉਂਟਰ-ਹਸਤਾਖਰਕਰਤਾ ਦਾ ਨਾਂ ਪਹਿਲੀ ਵਾਰ ਰਜਿਸਟਰ ਵਿੱਚ ਸ਼ਾਮਲ ਕੀਤਾ ਗਿਆ ਸੀ;

(iii) ਸ਼ਾਮਲ ਕੀਤੇ ਗਏ ਵਿਅਕਤੀ ਅਤੇ ਹਰ ਕਾਉਂਟਰ-ਹਸਤਾਖਰਕਰਤਾ ਨੂੰ ਦਿੱਤਾ ਗਿਆ ਨੰਬਰ;

(iv) ਛੂਟ-ਪ੍ਰਾਪਤ ਸੁਆਲਾਂ ਦਾ ਸਰੂਪ ਅਤੇ ਉਦੇਸ਼, ਜਿਨ੍ਹਾਂ ਦੇ ਵਿਅਕਤੀ ਦੁਆਰਾ ਪੁੱਛੇ ਜਾਣ ਦੀ ਸੰਭਾਵਨਾ ਹੈ; ਅਤੇ

(v) ਵਿਅਕਤੀ ਅਤੇ ਹਰ ਕਾਉਂਟਰ-ਹਸਤਾਖਰਕਰਤਾ ਦੇ ਹਸਤਾਖਰ ਦਾ ਪ੍ਰਤੀਰੂਪ।

**58.** "ਕਾਰੋਬਾਰੀ ਪਤੇ" ਤੋਂ ਭਾਵ ਵਿਅਕਤੀ ਦੇ ਕਾਰੋਬਾਰ ਦੇ ਮੁੱਖ ਸਥਾਨ ਦੇ ਪਤੇ ਤੋਂ ਹੈ, ਪਰ ਜੇ ਵਿਅਕਤੀ ਦਾ ਮੁੱਖ ਕਾਰੋਬਾਰੀ ਸਥਾਨ ਸਕਾਟਲੈਂਡ ਤੋਂ ਬਾਹਰ ਹੈ, ਅਤੇ ਉਸ ਵਿਅਕਤੀ ਦਾ ਕਾਰੋਬਾਰ ਸਕਾਟਲੈਂਡ ਵਿੱਚ ਹੈ, ਤਾਂ ਸਕਾਟਲੈਂਡ ਵਿੱਚ ਕਾਰੋਬਾਰ ਦੇ ਸਥਾਨ ਦਾ ਪਤਾ ਵੀ ਰਜਿਸਟਰ ਵਿੱਚ ਸ਼ਾਮਲ ਕੀਤਾ ਜਾਵੇਗਾ।

**59.** ਪੰਜੀਕ੍ਰਿਤ ਵਿਅਕਤੀ ਜਾਂ ਮੁੱਖ ਹਸਤਾਖਰਕਰਤਾ ਲਈ ਲਿਖਤੀ ਰੂਪ ਵਿੱਚ ਛੇਤੀ ਤੋਂ ਛੇਤੀ ਡਿਸਕਲੋਜ਼ਰ ਸਕਾਟਲੈਂਡ ਨੂੰ ਉੱਪਰ ਸੂਚੀਬੱਧ ਜਾਣਕਾਰੀ ਵਿੱਚ ਹੋਈ ਕਿਸੇ ਵੀ ਤਬਦੀਲੀ ਦੇ ਵੇਰਵਿਆਂ ਦੀ ਸੂਚਨਾ ਦੇਣੀ ਲਾਜ਼ਮੀ ਹੈ ਜੋ ਉਸ ਵਿਅਕਤੀ ਦੁਆਰਾ ਰਜਿਸਟਰ ਵਿੱਚ ਸ਼ਾਮਲ ਕੀਤੇ ਜਾਣ ਦੇ ਉਦੇਸ਼ ਤੋਂ ਦਿੱਤੀ ਗਈ ਹੈ। ਜੇ ਕਾਉਂਟਰ-ਹਸਤਾਖਰਕਰਤਾ ਵੇਰਵਾ ਦਿੰਦਾ ਹੈ, ਡਿਸਕਲੋਜ਼ਰ ਸਕਾਟਲੈਂਡ ਪੰਜੀਕ੍ਰਿਤ ਵਿਅਕਤੀ ਜਾਂ ਮੁੱਖ ਹਸਤਾਖਰਕਰਤਾ ਤੋਂ ਉਸ ਤਬਦੀਲੀ ਦੀ ਪੁਸ਼ਟੀ ਕਰ ਸਕਦੀ ਹੈ।

**60.** ਪੰਜੀਕਰਨ ਲਈ ਬਿਨੈਕਾਰ ਨੂੰ ਰਜਿਸਟਰ ਲਈ ਉੱਪਰ ਵਰਣਤ ਜਾਣਕਾਰੀ ਦੇਣੀ ਹੋਵੇਗੀ। ਜਿੱਥੋਂ ਤਕ ਛੂਟ-ਪ੍ਰਾਪਤ ਸੁਆਲਾਂ ਦੇ ਸਰੂਪ ਅਤੇ ਉਦੇਸ਼ ਬਾਰੇ ਜਾਣਕਾਰੀ ਦਾ ਸੁਆਲ ਹੈ, ਬਿਨੈਕਾਰ ਨੂੰ ਉਸ ਆਧਾਰ ਦਾ ਵੇਰਵਾ ਦੇਣਾ ਚਾਹੀਦਾ ਹੈ ਜੋ, ਜਿਨ੍ਹਾਂ ਵੱਲੋਂ ਉਹ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰ ਰਹੇ ਹਨ ਜਾਂ PVG ਪ੍ਰਕਟੀਕਰਨਾਂ ਲਈ ਘੋਸ਼ਣਾ-ਪੱਤਰ ਬਣਾ ਰਹੇ ਹਨ, ਛੂਟ-ਪ੍ਰਾਪਤ ਸੁਆਲ ਅਤੇ ਜਿਸ ਤਰ੍ਹਾਂ ਦੇ ਸੁਆਲ ਉਨ੍ਹਾਂ ਦੇ ਪੁੱਛਣ ਦੀ ਸੰਭਾਵਨਾ ਹੈ, ਲਈ ਹਨ (ਅੰਤਕਾ A ਦੇਖੋ)।

**61.** ਰਜਿਸਟਰ ਵਿੱਚ ਸ਼ਾਮਲ ਹੋਣ ਦਾ ਮਤਲਬ ਇਹ ਹੈ ਕਿ ਵਿਅਕਤੀ ਡਿਸਕਲੋਜ਼ਰ ਸਕਾਟਲੈਂਡ ਵੱਲੋਂ ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਦੇ ਯੋਗ ਹੈ। ਪੰਜੀਕਰਨ ਵੇਰਵੇ ਗੁਪਤ ਹੁੰਦੇ ਹਨ ਅਤੇ ਡਿਸਕਲੋਜ਼ਰ ਸਕਾਟਲੈਂਡ ਇਨ੍ਹਾਂ ਦਾ ਖੁਲਾਸਾ ਇਜਾਜ਼ਤ ਜਾਂ ਕਨੂੰਨੀ ਮਨਜ਼ੂਰੀ ਲਿੱਤੇ ਬਿਨਾਂ ਕਿਸੇ ਨੂੰ ਨਹੀਂ ਕਰਦਾ। ਪੰਜੀਕਰਨ ਵਿੱਚ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਦਿੱਤੇ ਗਏ ਸੰਸਥਾ ਦੇ ਅਨੁਮੋਦਨ ਦੀ ਸੂਚਨਾ ਨਹੀਂ ਹੁੰਦੀ ਅਤੇ ਪੰਜੀਕ੍ਰਿਤ ਵਿਅਕਤੀਆਂ ਨੂੰ ਵੀ ਅਜਿਹੀ ਕੋਈ ਸੂਚਨਾ ਨਹੀਂ ਦੇਣੀ ਚਾਹੀਦੀ ਅਤੇ ਕਿਸੇ ਵੀ ਪ੍ਰਕਾਸ਼ਨ, ਵਿਗਿਆਪਨ ਜਾਂ ਹੋਰ ਸਮੱਗਰੀ ਵਿੱਚ ਡਿਸਕਲੋਜ਼ਰ ਸਕਾਟਲੈਂਡ ਦੀ ਇਜਾਜ਼ਤ ਤੋਂ ਬਿਨਾਂ ਇਸਦੇ ਲੋਗੋ ਨੂੰ ਸ਼ਾਮਲ ਨਹੀਂ ਕਰਨਾ ਚਾਹੀਦਾ।

**62.** ਪੰਜੀਕ੍ਰਿਤ ਵਿਅਕਤੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੰਜੀਕਰਨ ਅਤੇ ਕਾਉਂਟਰ-ਹਸਤਾਖਰਕਰਤਾਵਾਂ ਦੀ ਨਾਮਜ਼ਦਗੀ (ਜੇ ਲਾਗੂ ਹੈ) ਲਈ ਆਵੇਦਨ ਫੀਸ ਅਤੇ ਬਾਅਦ ਵਿੱਚ ਜਾਰੀ ਪੰਜੀਕਰਨ ਦੀ ਸਲਾਨਾ ਫੀਸ ਦਾ ਭੁਗਤਾਨ ਕੀਤਾ ਜਾਵੇ। ਲੋੜੀਂਦੀ ਪੰਜੀਕਰਨ ਫੀਸ ਅਦਾ ਕਰਨ ਵਿੱਚ ਅਸਫਲ ਰਹਿਣ ਤੇ ਪੰਜੀਕਰਨ ਨੂੰ ਰੱਦ ਕੀਤਾ ਜਾ ਸਕਦਾ ਹੈ, ਅਤੇ ਇਸ ਸਮੇਂ ਦੌਰਾਨ ਕੋਈ ਵੀ ਅਗਲੇਰੀਆਂ ਪ੍ਰਕਟੀਕਰਨ ਬੇਨਤੀਆਂ ਜਾਂ ਅਰਜ਼ੀਆਂ ਤੇ ਕਾਰਵਾਈ ਨਹੀਂ ਕੀਤੀ ਜਾਵੇਗੀ, ਇਹ ਮਾਮਲੇ ਦੀਆਂ ਪਰਿਸਥਿਤੀਆਂ ਤੇ ਨਿਰਭਰ ਹੋਵੇਗਾ। ਪੰਜੀਕਰਨ ਫੀਸ ਨੂੰ ਭਰਣ ਵਿੱਚ ਅਸਫਲ ਰਹਿਣ ਦੇ ਅੰਤਿਮ ਨਤੀਜੇ ਵਜੋਂ ਪੰਜੀਕ੍ਰਿਤ ਵਿਅਕਤੀ ਦਾ ਨਾਂ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇਗਾ। ਪੰਜੀਕ੍ਰਿਤ ਵਿਅਕਤੀ ਦੀ ਸਲਾਨਾ ਸਦੱਸਤਾ ਦਾ ਬਕਾਇਆ ਪਹਿਲਾਂ ਹੀ ਭਰ ਦੇਣ ਤੇ, ਡਿਸਕਲੋਜ਼ਰ ਸਕਾਟਲੈਂਡ ਸਾਰੇ ਮੌਜੂਦਾ ਕਾਉਂਟਰ- ਹਸਤਾਖਰਕਰਤਾਵਾਂ ਦੀ ਪੂਰੀ ਸੂਚੀ ਪ੍ਰਦਾਨ ਕਰੇਗਾ (ਜੇ ਲਾਗੂ ਹੈ) ਅਤੇ ਉਨ੍ਹਾਂ ਨੂੰ ਹਟਾ ਦੇਣ ਦਾ ਮੌਕਾ ਦੇਵੇਗਾ ਜੋ ਹੁਣ ਕਿਰਿਆਸ਼ੀਲ ਨਹੀਂ ਹਨ। ਇਸ ਨਾਲ ਉਨ੍ਹਾਂ ਪੰਜੀਕਰਨ ਵੇਰਵਿਆਂ ਦੇ ਹੋਰ ਸਾਰੇ ਖੇਤਰਾਂ ਨੂੰ ਨਵੀਨੀਕਰਨ ਕਰਨ ਦਾ ਮੌਕਾ ਮਿਲੇਗਾ ਜੋ ਸਟੀਕ ਨਹੀਂ ਹਨ, ਜਿਵੇਂ, ਟੈਲੀਫੋਨ ਸੰਪਰਕ ਵੇਰਵੇ।

**63.** 31 ਮਾਰਚ 2011 ਤਕ, ਪੰਜੀਕਰਨ ਦੀ ਇੱਕ-ਵਾਰ ਦੀ ਲਾਗਤ £150 ਸੀ ਅਤੇ ਅੱਗੇ ਹਰ ਕਾਉਂਟਰ-ਹਸਤਾਖਰਕਰਤਾ ਲਈ £10 ਸੀ। 1 ਅਪ੍ਰੈਲ 2011 ਤੋਂ, ਸਾਰੇ ਨਵੇਂ ਪੰਜੀਕ੍ਰਿਤ ਵਿਅਕਤੀਆਂ ਲਈ (ਨਾਲ ਹੀ ਮੌਜੂਦਾ ਪੰਜੀਕ੍ਰਿਤ ਵਿਅਕਤੀਆਂ ਲਈ ਵੀ) ਪੰਜੀਕਰਨ ਦੀ ਸਲਾਨਾ ਸਦੱਸਤਾ ਦਾ ਭੁਗਤਾਨ ਕਰਨਾ ਲਾਜ਼ਮੀ ਹੈ। ਪਹਿਲੀ ਵਾਰ ਜਾਂ ਜਾਰੀ ਪੰਜੀਕਰਨ ਲਈ ਘੱਟੋ-ਘੱਟ ਸਲਾਨਾ ਲਾਗਤ £75 ਹੋਵੇਗੀ ਅਤੇ ਉਹ ਪੰਜੀਕ੍ਰਿਤ ਵਿਅਕਤੀ, (ਮੁੱਖ ਹਸਤਾਖਰਕਰਤਾ ਨੂੰ ਮਿਲਾ ਕੇ) ਅਤੇ ਚਾਰ ਕਾਉਂਟਰ-ਹਸਤਾਖਰਕਰਤਾਵਾਂ ਦੇ ਪੰਜੀਕਰਨ ਨੂੰ ਕਵਰ ਕਰੇਗੀ। ਸਦੱਸਤਾ ਸਾਲ ਦੇ ਦੌਰਾਨ ਨਵੇਂ ਕਾਉਂਟਰ-ਹਸਤਾਖਰਕਰਤਾ ਨੂੰ ਸ਼ਾਮਲ ਕਰਨ ਦੀ ਲਾਗਤ £15 ਪ੍ਰਤੀ ਵਿਅਕਤੀ ਹੋਵੇਗੀ, ਇਸਤੋਂ ਬੇਪਰਵਾਹ ਕਿ ਕਿੰਨੇ ਮੌਜੂਦਾ ਕਾਉਂਟਰ-ਹਸਤਾਖਰਕਰਤਾ ਪੰਜੀਕ੍ਰਿਤ ਵਿਅਕਤੀ ਲਈ ਮੌਜੂਦ ਹਨ। ਕਾਉਂਟਰ-ਹਸਤਾਖਰਕਰਤਾ ਨੂੰ ਹਟਾਉਣ ਜਾਂ ਪੰਜੀਕਰਨ ਦੀ ਸਮਾਪਤੀ ਕਰਨ ਤੇ ਕੋਈ ਫੀਸ ਨਹੀਂ ਲੱਗੇਗੀ। ਜੇ ਲਾਗੂ ਹੁੰਦਾ ਹੈ, ਤਾਂ ਪੰਜਵੀਂ ਅਤੇ ਹਰ ਬਾਅਦਲੇ ਕਾਉਂਟਰ-ਹਸਤਾਖਰਕਰਤਾ ਦੇ ਸਬੰਧ ਵਿੱਚ ਸਲਾਨਾ ਤੌਰ ਤੇ £15 ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਅਤਿਰਿਕਤ ਫੀਸ ਵਸੂਲੀ ਜਾਵੇਗੀ।

## ਪੰਜੀਕਰਨ ਲਈ ਅਰਜ਼ੀ ਕਿਵੇਂ ਦੇਣੀ ਹੈ

**64.** ਪੰਜੀਕਰਨ ਲਈ ਅਰਜ਼ੀਆਂ ਪ੍ਰਕਟੀਕਰਨ ਪੰਜੀਕਰਨ ਅਰਜ਼ੀ ਫਾਰਮ ਤੇ ਲਿਖਤੀ ਰੂਪ ਵਿੱਚ ਦੇਣੀਆਂ ਲਾਜ਼ਮੀ ਹਨ। ਅਰਜ਼ੀ ਕਿਵੇਂ ਦੇਣੀ ਹੈ ਅਤੇ ਢੁੱਕਵੀਆਂ ਫੀਸਾਂ ਦੇ ਵੇਰਵੇ ਬਾਰੇ ਸੂਚਨਾ ਡਿਸਕਲੋਜ਼ਰ ਸਕਾਟਲੈਂਡ ਦੀ ਵੈੱਬਸਾਈਟ ਤੇ ਉਪਲਬਧ ਹੈ: www.disclosurescotland.co.uk. ਸਾਰੇ ਸੰਭਾਵੀ ਪੰਜੀਕ੍ਰਿਤ ਵਿਅਕਤੀਆਂ ਨੂੰ ਪੰਜੀਕਰਨ ਪੈਕ ਦੇ ਨਾਲ ਵੀ ਪੂਰਾ ਵੇਰਵਾ ਮੁਹੱਈਆ ਕੀਤਾ ਜਾਵੇਗਾ।

## ਸ਼ਨਾਖਤ

**65.** ਪੰਜੀਕਰਨ ਲਈ ਹਰ ਅਰਜ਼ੀ ਨਾਲ ਉਨ੍ਹਾਂ ਸ਼ਨਾਖਤ-ਪੱਤਰਾਂ ਦੇ ਸਬੂਤ ਲੱਗੇ ਹੋਣੇ ਚਾਹੀਦੇ ਹਨ ਜੋ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਮੰਗੇ ਜਾ ਸਕਦੇ ਹਨ। ਪੰਜੀਕਰਨ ਪੈਕ ਵਿੱਚ ਸਾਰੀ ਵੇਰਵਾ ਦਿੱਤਾ ਜਾਵੇਗਾ।

## ਨਿਗਮਿਤ ਅਤੇ ਅਨਿਗਮਿਤ ਸੰਸਥਾਵਾਂ ਲਈ ਮੁੱਖ-ਹਸਤਾਖਰਕਰਤਾ

**66.** ਨਿਗਮਿਤ ਜਾਂ ਅਨਿਗਮਿਤ ਸੰਸਥਾ ਦੇ ਪੰਜੀਕਰਨ ਲਈ ਹਰ ਅਰਜ਼ੀ ਉੱਤੇ ਉਸ ਵਿਅਕਤੀ ਦੇ ਹਸਤਾਖਰ ਹੋਣੇ ਚਾਹੀਦੇ ਹਨ ਜਿਸ ਕੋਲ ਉਸ ਸੰਸਥਾ ਵੱਲੋਂ ਕੰਮ ਕਰਨ ਦਾ ਅਧਿਕਾਰ ਹੈ। ਜੇ ਅਰਜ਼ੀ ਸਫਲ ਹੁੰਦੀ ਹੈ, ਤਾਂ ਉਸ ਸੰਸਥਾ ਵੱਲੋਂ ਅਰਜ਼ੀ ਤੇ ਹਸਤਾਖਰ ਕਰਨ ਵਾਲੇ ਵਿਅਕਤੀ ਦਾ ਨਾਂ ਰਜਿਸਟਰ ਵਿੱਚ ਦਰਜ ਕੀਤਾ ਜਾਵੇਗਾ ਅਤੇ ਉਸਨੂੰ ਮੁੱਖ-ਹਸਤਾਖਰਕਰਤਾ ਤੋਂ ਜਾਣਿਆ ਜਾਵੇਗਾ। ਅਰਜ਼ੀ ਵਿੱਚ ਉਸ ਅਰਜ਼ੀ ਦੇ ਸਮਰਥਨ ਵਿੱਚ ਵੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ ਜਿਸਦੀ ਮੰਗ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਕੀਤੀ ਗਈ ਹੈ।

**67.** ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਨਿਗਮਿਤ ਜਾਂ ਅਨਿਗਮਿਤ ਸੰਸਥਾ ਲਈ ਮੁੱਖ ਹਸਤਾਖਰਕਰਤਾ ਸੰਸਥਾ ਵਿੱਚ ਇੱਕ ਵਰਿਸ਼ਠ ਅਧਿਕਾਰੀ ਤੇ ਹੋਣਾ ਚਾਹੀਦਾ ਹੈ। ਇਹ ਜਾਂਚ ਕੀਤੀ ਜਾਵੇਗੀ ਕਿ ਵਿਅਕਤੀ ਉਹ ਹੋਣਾ ਚਾਹੀਦਾ ਹੈ ਜਿਸ ਕੋਲ ਨਿਯੁਕਤੀ ਸਬੰਧੀ ਨਿਰਣੇ ਲੈਣ ਲਈ ਪ੍ਰਬੰਧਨ ਜ਼ਿੰਮੇਵਾਰੀ ਦਾ ਅਧਿਕਾਰ ਹੋਵੇ।

**68.** ਮੁੱਖ ਹਸਤਾਖਰਕਰਤਾ ਡਿਸਕਲੋਜ਼ਰ ਸਕਾਟਲੈਂਡ ਅਤੇ ਸੰਸਥਾ ਦੇ ਵਿੱਚ ਉਸ ਸੰਸਥਾ ਦੇ ਪੰਜੀਕਰਨ ਦੇ ਨਾਲ ਸਬੰਧਤ ਸਾਰੇ ਮਾਮਸਿਆਂ ਤੇ ਚਰਚਾ ਲਈ ਸੰਪਰਕ ਦਾ ਮੁੱਖ ਬਿੰਦੂ ਹੋਵੇਗਾ। ਮੁੱਖ ਹਸਤਾਖਰਕਰਤਾ ਪ੍ਰਕਟੀਕਰਨ ਅਰਜ਼ੀਆਂ ਅਤੇ ਬੇਨਤੀਆਂ ਤੇ ਹਸਤਾਖਰ ਕਰ ਸਕਦਾ ਹੈ ਪਰ ਅਕਸਰ ਉਹ ਭੂਮਿਕਾ ਕਾਉਂਟਰ-ਹਸਤਾਖਰਕਰਤਾਵਾਂ ਦੁਆਰਾ ਦੈਨਿਕ ਆਧਾਰ ਤੇ ਨਿਭਾਈ ਜਾਵੇਗੀ।

**69.** ਰਜਿਸਟਰ ਵਿੱਚ ਦਰਸ਼ਾਈ ਗਈ ਹਰ ਨਿਗਮਿਤ ਅਤੇ ਅਨਿਗਮਿਤ ਸੰਸਥਾ ਕੋਲ ਹਰ ਸਮੇਂ ਸਿਰਫ ਇੱਕ ਮੁੱਖ ਹਸਤਾਖਰਕਰਤਾ ਹੋਣਾ ਲਾਜ਼ਮੀ ਹੈ। ਜੇ ਅਜਿਹੀ ਪੰਜੀਕਰਨ ਸੰਸਥਾ ਦਾ ਮੁੱਖ ਹਸਤਾਖਰਕਰਤਾ ਛੱਡ ਦਿੰਦਾ ਹੈ, ਤਾਂ ਬਿਨਾਂ ਦੇਰੀ ਦੇ ਉਸ ਦੀ ਥਾਂ ਤੇ ਨਵੇਂ ਵਿਅਕਤੀ ਨੂੰ ਨਿਯੁਕਤ ਕੀਤਾ ਜਾਵੇਗਾ। ਇਹ ਜਾਰੀ ਪੰਜੀਕਰਨ ਦੀ ਸ਼ਰਤ ਹੈ। ਜੇ ਨਵੇਂ ਮੁੱਖ ਹਸਤਾਖਰਕਰਤਾ ਦੀ ਸੂਚਨਾ ਡਿਸਕਲੋਜ਼ਰ ਸਕਾਟਲੈਂਡ ਨੂੰ ਨਹੀਂ ਦਿੱਤੀ ਜਾਂਦੀ ਹੈ, ਤਾਂ ਡਿਸਕਲੋਜ਼ਰ ਸਕਾਟਲੈਂਡ ਪੰਜੀਕਰਨ ਨੂੰ ਰੱਦ ਕਰ ਸਕਦਾ ਹੈ ਜਾਂ ਪ੍ਰਕਟੀਕਰਨ ਅਰਜ਼ੀਆਂ ਜਾਂ ਬੇਨਤੀਆਂ ਦੀ ਕਾਰਵਾਈ ਕਰਨ ਤੋਂ ਮਨਾਂ ਕਰ ਸਕਦਾ ਹੈ।

**70.** ਜੇ ਨਿਗਮਿਤ ਜਾਂ ਅਨਿਗਮਿਤ ਸੰਸਥਾ ਦੇ ਮੁੱਖ ਹਸਤਾਖਰ-ਕਰਤਾ ਨੂੰ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਰਜਿਸਟਰ ਤੋਂ ਹਟਾ ਦਿੱਤਾ ਜਾਂਦਾ ਹੈ, ਤਾਂ ਬਿਨਾਂ ਦੇਰ ਕੀਤੇ ਉਸ ਦੀ ਥਾਂ ਤੇ ਨਵਾਂ ਵਿਅਕਤੀ ਨਿਯੁਕਤ ਕੀਤਾ ਜਾਣਾ ਲਾਜ਼ਮੀ ਹੈ।

**71.** ਪੰਜੀਕ੍ਰਿਤ ਵਿਅਕਤੀਆਂ ਅਤੇ ਕਾਉਂਟਰ-ਹਸਤਾਖਰਕਰਤਾਵਾਂ ਨੂੰ ਉਨ੍ਹਾਂ ਪ੍ਰਕਟੀਕਰਨ ਅਰਜ਼ੀਆਂ ਅਤੇ ਬੇਨਤੀਆਂ ਤੇ ਕਾਉਂਟਰ-ਹਸਤਾਖਰ ਕਰਨ ਜਾਂ ਘੋਸ਼ਣਾ-ਪੱਤਰ ਬਣਾਉਣ ਦੀ ਇਜਾਜਤ ਨਹੀਂ ਦਿੱਤੀ ਜਾਂਦੀ ਜਿਨ੍ਹਾਂ ਦੇ ਉਹ ਕਰਤਾ ਹਨ। ਜੇ ਪੰਜੀਕ੍ਰਿਤ ਵਿਅਕਤੀ ਜਾਂ ਕਾਉਂਟਰ- ਹਸਤਾਖਰਕਰਤਾ ਨੂੰ ਪ੍ਰਕਟੀਕਰਨ ਚਾਹੀਦਾ ਹੈ ਤਾਂ ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਡਿਸਕਲੋਜ਼ਰ ਸਕਾਟਲੈਂਡ ਨਾਲ ਪੰਜੀਕ੍ਰਿਤ ਹੋਰ ਕਾਉਂਟਰ-ਹਸਤਾਖਰਕਰਤਾ ਉਨ੍ਹਾਂ ਦੀ ਪ੍ਰਕਟੀਕਰਨ ਅਰਜ਼ੀ ਜਾਂ ਬੇਨਤੀ ਫਾਰਮ ਤੇ ਕਾਉਂਟਰ-ਹਸਤਾਖਰ ਕਰਨ ਜਾਂ ਘੋਸ਼ਣਾ-ਪੱਤਰ ਬਣਾਉਣ।

# ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਦੇ ਸਬੰਧ ਵਿੱਚ ਫਰਜ਼

## ਪ੍ਰਕਟੀਕਰਨ ਜਾਣਕਾਰੀ ਦੀ ਨਿਆਂਪੂਰਨ ਵਰਤੋਂ

72. ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਵਾਲਿਆਂ ਦਾ ਨਿਮਨਲਿਖਤ ਕਰਨਾ ਲਾਜ਼ਮੀ ਹੈ:

- ਪ੍ਰਕਟੀਕਰਨ ਜਾਣਕਾਰੀ ਦਾ ਇਸਤੇਮਾਲ ਸਿਰਫ ਉਨ੍ਹਾਂ ਉਦੇਸ਼ਾਂ ਲਈ ਕਰਨਾ ਜਿਸ ਲਈ ਇਹ ਪ੍ਰਦਾਨ ਕੀਤੀ ਗਈ ਹੈ;
- ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਤੇ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਜਾਰੀ ਹਿਦਾਇਤਾਂ ਦਾ ਸਨਮਾਨ ਕਰਨਾ; ਅਤੇ
- ਕਿਸੇ ਦੋਸ਼ਸਿੱਧੀ ਜਾਂ ਹੋਰ ਵੇਰਵਿਆਂ ਦੇ ਖੁਲਾਸੇ ਦੇ ਆਧਾਰ ਤੇ ਪ੍ਰਕਟੀਕਰਨ ਜਾਣਕਾਰੀ ਦੇ ਕਰਤਾ ਦੇ ਖਿਲਾਫ ਭੇਦਭਾਵ ਨਾ ਕਰਨਾ।

73. ਮਾਨਕ ਅਤੇ ਵਿਸਤਰਤ ਪ੍ਰਕਟੀਕਰਨ ਜਾਣਕਾਰੀ ਕਿਸੇ ਖਾਸ ਸਥਾਨ ਜਾਂ ਲਾਈਸੈਂਸ ਲਈ ਨਿਯੁਕਤੀ ਨਿਰਣਿਆਂ ਵਿੱਚ ਸਹਿਯੋਗ ਕਰਨ ਦੇ ਉਦੇਸ਼ਾਂ ਲਈ ਉਪਲਬਧ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਸਿਰਫ ਉਸ ਜਾਣਕਾਰੀ ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ ਜਿਸ ਉੱਤੇ ਨਿਰਣਾ ਲਿੱਤਾ ਜਾਂਦਾ ਹੈ। 1997 ਅਧਿਨਿਯਮ ਦੇ ਤਹਿਤ ਜਾਰੀ ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ ਜੇ ਵਿਅਕਤੀ ਨੂੰ ਪੀਵੀਜੀ ਸਕੀਮ ਦੇ ਤਹਿਤ ਵਿਵਸਥਿਤ ਕੰਮ ਲਈ ਵਿਚਾਰਿਆ ਜਾਂਦਾ ਹੈ।

74. PVG ਸਕੀਮ ਦੇ ਤਹਿਤ, ਇੱਕ ਸੰਸਥਾ ਨਿਯੁਕਤੀ ਜਾਂ ਧਾਰਨ ਨਿਰਣੇ ਨੂੰ ਸੂਚਿਤ ਕਰਨ ਲਈ ਸਕੀਮ ਰਿਕਾਰਡ ਤੇ ਸਾਰੀ ਅਨੁਭਵੀ ਜਾਣਕਾਰੀ ਦੀ ਵਰਤੋਂ ਕਰਨ ਦੀ ਹੱਕਦਾਰ ਹੈ। ਫੇਰ ਵੀ, ਸੰਸਥਾ ਲਈ ਇੱਕ ਨਿਆਂਪੂਰਨ, ਸਥਾਈ ਅਤੇ ਸੰਤੁਲਿਤ ਤਰੀਕੇ ਨਾਲ ਅਨੁਭਵੀ ਜਾਣਕਾਰੀ ਦੇ ਸਾਰੇ ਮਾਪਦੰਡਾਂ ਲਈ ਅਰਜ਼ੀ ਦੇਣਾ ਲਾਜ਼ਮੀ ਹੈ। ਮਾਪਦੰਡ ਬਾਰੇ ਪਹਿਲਾਂ ਤੋਂ ਹੀ ਦੱਸਿਆ ਜਾਣਾ ਚਾਹੀਦਾ ਹੈ ਅਤੇ ਖਾਸ ਭੂਮਿਕਾ ਨਾਲ ਜੋੜਿਆ ਜਾਣਾ ਚਾਹੀਦਾ ਹੈ। PVG ਸਕੀਮ ਮੈਂਬਰ ਬਣਨ ਜਾਂ ਬਣੇ ਰਹਿਣ ਦੀ ਇਜਾਜਤ ਪ੍ਰਾਪਤ ਵਿਅਕਤੀ ਵਿਵਸਥਿਤ ਕੰਮ ਕਰਨ ਲਈ ਅਯੋਗ ਨਹੀਂ ਹੈ। ਹਾਲਾਂਕਿ, ਅਨੁਭਵੀ ਜਾਣਕਾਰੀ ਵਿੱਚ ਦਰਸ਼ਾਇਆ ਜਾ ਸਕਦਾ ਹੈ ਕਿ ਉਹ ਇਸ ਕੰਮ ਨੂੰ ਕਰਨ ਲਈ ਯੋਗ ਨਹੀਂ ਹਨ।

75. ਇੱਕ ਸੰਸਥਾ ਵਿਵਸਥਿਤ ਕੰਮ ਕਰਨ ਲਈ ਕਿਸੇ ਵਿਅਕਤੀ ਨੂੰ ਨਿਯੁਕਤ ਕਰਨ ਜਾਂ ਜਾਰੀ ਰੱਖਣ ਤੋਂ ਮਨਾਂ ਕਰ ਸਕਦੀ ਹੈ ਜੇ ਉਹ ਵਿਅਕਤੀ PVG ਸਕੀਮ ਮੈਂਬਰਸ਼ਿੱਪ ਜਾਂ ਪ੍ਰਕਟੀਕਰਨ ਬੇਨਤੀਆਂ ਨੂੰ ਬਿਨਾਂ ਕਿਸੇ ਠੋਸ ਕਾਰਨ ਤੋਂ ਰਜ਼ਾਮੰਦੀ ਦੇਣ ਤੋਂ ਮਨਾਂ ਕਰਦਾ ਹੈ।

76. ਸੰਸਥਾ ਨਿਰਣਾ ਲੈਣ ਵਿੱਚ ਮਦਦ ਕਰਨ ਲਈ ਵਿਅਕਤੀ ਦਾ ਪ੍ਰਕਟੀਕਰਨ ਪ੍ਰਮਾਣ-ਪੱਤਰ ਜਾਂ ਡਿਸਕਲੋਜ਼ਰ ਸਕਾਟਲੈਂਡ ਵੱਲੋਂ ਰਿਕਾਰਡ ਪ੍ਰਾਪਤ ਕਰਦੀ ਹੈ। ਆਮ ਤੌਰ ਤੇ ਇਹ ਉਸ ਵਿਅਕਤੀ ਦੇ ਨੌਕਰੀ ਆਵੇਦਨ ਤੇ ਨਿਰਣੇ ਦੀ ਪ੍ਰਕਿਰਿਆ ਦਾ ਇੱਕ ਹਿੱਸਾ ਹੋਵੇਗਾ ਜਾਂ ਵਿਅਕਤੀ ਬਾਰੇ ਵਿਵਸਥਿਤ ਕੰਮ ਵਿੱਚ ਬਣੇ ਰਹਿਣ ਲਈ ਮੌਜੂਦਾ ਮੁਲਾਂਕਣ ਦਾ ਹਿੱਸਾ ਹੋਵੇਗਾ। ਸੰਸਥਾ ਨੂੰ ਇਹ ਜਾਣਕਾਰੀ ਅੱਗੇ ਕਿਸੇ ਹੋਰ ਨੂੰ ਭੇਜਣ ਦੀ ਇਜਾਜਤ ਨਹੀਂ ਦਿੱਤੀ ਜਾਂਦੀ ਜੋ ਆਪਣੇ ਫਰਜ਼ਾਂ ਦੇ ਕੋਰਸ ਦੇ ਦੌਰਾਨ ਇਸਨੂੰ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੈ। ਜੇ ਉਹ ਅਜਿਹਾ ਕਰਦੇ ਹਨ, ਤਾਂ ਉਹ ਇੱਕ ਅਪਰਾਧ ਕਰਣਗੇ।

77. ਸਕਾਟਲੈਂਡ ਵਿੱਚ PVG ਬਾਲ ਸੂਚੀ ਜਾਂ ਵਿਅਸਕ ਸੂਚੀ (ਜਾਂ ਦੋਵੇਂ) ਵਿੱਚ ਸੂਚੀਬੱਧ ਕੀਤੇ ਗਏ ਵਿਅਕਤੀ ਨੂੰ ਯੂਕੇ ਵਿੱਤ ਕਿਤੇ ਵੀ ਇਸ ਪ੍ਰਕਾਰ ਦੇ ਕੰਮ ਕਰਨ ਤੋਂ ਬਾਧਿਤ ਕੀਤਾ ਜਾਂਦਾ ਹੈ। ਇੰਗਲੈਂਡ ਅਤੇ ਵੇਲਸ ਜਾਂ ਨੋਰਦਰਨ ਆਇਰਲੈਂਡ ਵਿੱਚ ਇਸੇ ਪ੍ਰਕਾਰ ਦੀ ਬਾਧਿਤ ਸੂਚੀ ਵਿੱਚ ਸ਼ਾਮਲ ਵਿਅਕਤੀ ਵੀ ਇਸ ਨਾਲ ਸਬੰਧਤ ਕਾਰਜਬਲ ਵਿੱਚ, ਸਕਾਟਲੈਂਡ ਵਿੱਚ ਬੱਚਿਆਂ ਜਾਂ ਰੱਖਿਅਤ ਵਿਅਸਕਾਂ ਜਾਂ ਦੋਵਾਂ ਦੇ ਨਾਲ, ਕੰਮ ਕਰਨ ਲਈ ਬਾਧਿਤ ਹੋਵੇਗਾ। ਮਾਲਕ ਅਪਰਾਧ ਕਰੇਗਾ ਜੇ ਉਹ ਅਜਿਹੇ ਵਿਅਕਤੀ ਦੀ ਨਿਯੁਕਤੀ ਕਰਦਾ ਹੈ ਜੋ ਵਿਵਸਥਿਤ ਕੰਮ ਕਰਨ ਤੋਂ ਬਾਧਿਤ ਹੈ, ਇਸ ਤੋਂ ਬੇਪਰਵਾਹ ਕਿ ਕੀ ਵਿਅਕਤੀ ਸਕਾਟਲੈਂਡ ਜਾਂ ਯੂਕੇ ਦੇ ਦੂਜੇ ਅਧਿਕਾਰ-ਖੇਤਰ ਵਿੱਚ ਕਿਸੇ ਬਾਧਿਤ ਸੂਚੀ ਵਿੱਚ ਤਾਂ ਨਹੀਂ ਹੈ।

78. ਦੋਸ਼ਸਿੱਧੀਆਂ ਵਾਲੇ ਕਿਸੇ ਵਿਅਕਤੀ ਲਈ, ਫਾਇਦੇਮੰਦ ਨੌਕਰੀ ਅਕਸਰ ਮੁੜ-ਅਪਰਾਧ ਕਰਨ ਤੋਂ ਬਚਣ ਦਾ ਇੱਕ ਸਫਲ ਤਰੀਕਾ ਸਾਬਤ ਹੁੰਦੀ ਹੈ। ਇਸ ਲਈ ਸਕਾਟਿਸ਼ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਮੁਦਾਏ ਦੇ ਉਨ੍ਹਾਂ ਮੈਂਬਰਾਂ ਨੂੰ ਭਰੋਸੇ ਦੇ ਸਥਾਨਾਂ ਲਈ ਵਿਚਾਰਣ ਦੀ ਪ੍ਰਕਿਰਿਆ ਵਿੱਚ ਨਿਰਪੱਖ ਤੌਰ ਤੇ ਵਿਹਾਰਿਆ ਜਾਏ ਜਿਨ੍ਹਾਂ ਨੂੰ ਦੋਸ਼ਸਿੱਧੀਆਂ ਹੋ ਸਕਦੀਆਂ ਹਨ।

79. ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਮਾਲਕਾਂ ਕੋਲ ਦੋਸ਼ਸਿੱਧੀਆਂ ਵਾਲੇ ਵਿਅਕਤੀਆਂ ਦੀ ਨਿਯੁਕਤੀ ਤੇ ਇੱਕ ਲਿਖਤੀ ਪਾਲਿਸੀ ਹੋਣੀ ਚਾਹੀਦੀ ਹੈ। ਡਿਸਕਲੋਜ਼ਰ ਸਕਾਟਲੈਂਡ ਕੋਲ ਇੱਕ ਨਮੂਨਾ ਪਾਲਿਸੀ ਹੈ ਅਤੇ ਇਸਨੂੰ ਡਿਸਕਲੋਜ਼ਰ ਸਕਾਟਲੈਂਡ ਦੀ ਵੈੱਬਸਾਈਟ www.disclosurescotland.co.uk ਤੋਂ ਡਾਉਨਲੋਡ ਕੀਤਾ ਜਾ ਸਕਦਾ ਹੈ।

## ਪ੍ਰਕਟੀਕਰਨ ਜਾਣਕਾਰੀ ਦੀ ਸਾਂਭ-ਸੰਭਾਲ

**80.** ਪੰਜੀਕ੍ਰਿਤ ਵਿਅਕਤੀ ਅਤੇ ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਵਾਲੇ ਹੋਰ ਵਿਅਕਤੀਆਂ ਨੂੰ ਜ਼ਿੰਮੇਵਾਰੀ ਨਾਲ ਇਸ ਸੰਵੇਦਨਸ਼ੀਲ ਜਾਣਕਾਰੀ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਇਸਦਾ ਮਤਲਬ ਹੈ ਕਿ ਉਨ੍ਹਾਂ ਨੂੰ 1997 ਅਧਿਨਿਯਮ ਦੀ ਧਾਰਾ 124[9] ਜਾਂ 2007 ਅਧਿਨਿਯਮ ਦੀ ਧਾਰਾ 66 ਜਾਂ 67 ਦੀ ਉਲੰਘਣਾ ਵਿੱਚ ਜਾਣਕਾਰੀ ਦਾ ਖੁਲਾਸਾ ਨਹੀਂ ਕਰਨਾ ਚਾਹੀਦਾ ਹੈ। ਗੈਰ-ਅਧਿਕਾਰਤ ਪ੍ਰਕਟੀਕਰਨ ਇੱਕ ਅਪਰਾਧ ਹੈ। ਅਪਰਾਧ ਨਹੀਂ ਕੀਤਾ ਜਾਂਦਾ ਜੇ ਜਾਣਕਾਰੀ ਨੂੰ ਕਿਸੇ ਤੀਜੇ ਧਿਰ ਨਾਲ ਸਾਂਝਾ ਕਰਨ ਲਈ ਡਿਸਕਲੋਜ਼ਰ ਦੇ ਕਰਤਾ ਦੀ ਲਿਖਤੀ ਰਜ਼ਾਮੰਦੀ ਪ੍ਰਾਪਤ ਕੀਤੀ ਗਈ ਹੈ।

**81.** ਪੰਜੀਕ੍ਰਿਤ ਵਿਅਕਤੀ ਨੂੰ 1997 ਅਧਿਨਿਯਮ ਦੀ ਧਾਰਾ 113B(5) ਦੇ ਤਹਿਤ ਦਿੱਤੀ ਗਈ ਜਾਣਕਾਰੀ ਜੋ ਵਿਸਤਰਤ ਪ੍ਰਕਟੀਕਰਨ ਤੇ ਨਹੀਂ ਦਰਸ਼ਾਈ ਗਈ ਹੈ, ਉਸਦਾ ਖੁਲਾਸਾ ਕਿਸੇ ਤੀਜੇ ਧਿਰ ਜਾਂ ਵਿਸਤਰਤ ਪ੍ਰਕਟੀਕਰਨ ਦੇ ਕਰਤਾ ਨੂੰ ਨਹੀਂ ਕਰਨਾ ਚਾਹੀਦਾ ਹੈ।

**82.** ਪ੍ਰਕਟੀਕਰਨ ਜਾਣਕਾਰੀ ਦੀ ਸਾਂਭ-ਸੰਭਾਲ ਸੰਸਥਾ ਦੇ ਅੰਦਰ ਸਿਰਫ ਉਨ੍ਹਾਂ ਲੋਕਾਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ ਜੋ ਆਪਣੇ ਫਰਜ਼ਾਂ ਦੇ ਤਹਿਤ ਇਸਨੂੰ ਪ੍ਰਾਪਤ ਕਰਨ ਦੇ ਹੱਕਦਾਰ ਹਨ। ਇਨ੍ਹਾਂ ਵਿਅਕਤੀਆਂ ਨੂੰ ਨੇਮਾਵਲੀ ਦੀਆਂ ਸ਼ਰਤਾਂ ਦੀ ਵੀ ਪਾਲਣਾ ਕਰਨੀ ਚਾਹੀਦੀ ਹੈ।

**83.** ਪੰਜੀਕ੍ਰਿਤ ਵਿਅਕਤੀਆਂ ਕੋਲ ਪ੍ਰਕਟੀਕਰਨ ਜਾਣਕਾਰੀ ਦੀ ਸਾਂਭ-ਸੰਭਾਲ, ਧਾਰਨ ਅਤੇ ਵਿਨਾਸ਼ ਤੇ ਇੱਕ ਲਿਖਤੀ ਸੁਰੱਖਿਆ ਪਾਲਿਸੀ ਵੀ ਹੋਣੀ ਚਾਹੀਦੀ ਹੈ। ਦੂਜਿਆਂ ਵੱਲੋਂ ਪ੍ਰਕਟੀਕਰਨ ਬੇਨਤੀਆਂ ਦੀਆਂ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰਨ ਜਾਂ ਘੋਸ਼ਣਾ-ਪੱਤਰ ਬਣਾਉਣ ਵਾਲੇ ਪੰਜੀਕ੍ਰਿਤ ਵਿਅਕਤੀਆਂ ਨੂੰ ਇਸ ਤੋਂ ਇਲਾਵਾ, ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਿਨ੍ਹਾਂ ਵੱਲੋਂ ਉਹ ਕਾਉਂਟਰ-ਹਸਤਾਖਰ ਕਰਦੇ ਜਾਂ ਘੋਸ਼ਣਾ-ਪੱਤਰ ਬਣਾਉਂਦੇ ਹਨ, ਉਨ੍ਹਾਂ ਕੋਲ ਅਜਿਹੀ ਲਿਖਤੀ ਪਾਲਿਸੀ ਹੈ। ਨਮੂਨਾ ਪਾਲਿਸੀ ਡਿਸਕਲੋਜ਼ਰ ਸਕਾਟਲੈਂਡ ਕੋਲ ਉਪਲਬਧ ਹੈ ਅਤੇ ਇਸਦੀ ਵੈੱਬਸਾਈਟ www.disclosurescotland.co.uk ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

**84.** 1997 ਅਧਿਨਿਯਮ ਅਤੇ 2007 ਅਧਿਨਿਯਮ ਦੋਹਾਂ ਵਿੱਚ ਪ੍ਰਕਟੀਕਰਨ ਜਾਣਕਾਰੀ ਦੀ ਗੈਰਕਨੂੰਨੀ ਵਰਤੋਂ ਨਾਲ ਸਬੰਧਤ ਕਈ ਅਪਰਾਧਾਂ ਬਾਰੇ ਦੱਸਿਆ ਗਿਆ ਹੈ। 1997 ਅਧਿਨਿਯਮ ਦੇ ਤਹਿਤ ਅਪਰਾਧਾਂ ਦਾ ਵੇਰਵਾ ਅੰਤਕਾ B ਵਿੱਚ ਅਤੇ ਅਪਰਾਧਾਂ ਦਾ ਵੇਰਵਾ 2007 ਅਧਿਨਿਯਮ ਦੇ ਤਹਿਤ ਅੰਤਕਾ C ਵਿੱਚ ਦਿੱਤਾ ਗਿਆ ਹੈ।

**85.** ਅਜਿਹੇ ਹਲਾਤ ਹੋ ਸਕਦੇ ਹਨ ਜਦੋਂ ਪ੍ਰਕਟੀਕਰਨ ਜਾਣਕਾਰੀ ਨੂੰ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ ਕਿਸੇ ਕਨੂੰਨੀ ਕਾਰਵਾਈਆਂ ਲਈ ਕਿਸੇ ਤੀਜੇ ਧਿਰ ਨੂੰ ਜਾਣਕਾਰੀ ਦੇ ਵੇਰਵਿਆਂ ਦਾ ਖੁਲਾਸਾ ਕਰਨ ਲਈ ਆਖਿਆ ਜਾਂਦਾ ਹੈ, ਜਿਵੇਂ ਇਮਪਲਾਇਮੈਂਟ ਟ੍ਰਿਬਿਊਨਲ ਵਿੱਚ ਦਰਜ ਮਾਮਲਾ। ਉਸ ਸਥਿਤੀ ਵਿੱਚ, ਪੰਜੀਕ੍ਰਿਤ ਵਿਅਕਤੀ ਨੂੰ ਅਜਿਹੀ ਕਿਸੇ ਬੇਨਤੀ ਦੀ ਸੂਚਨਾ ਕਿਸੇ ਵੀ ਜਾਣਕਾਰੀ ਨੂੰ ਜਾਰੀ ਕਰਨ ਤੋਂ ਪਹਿਲਾਂ ਤੁਰੰਤ ਡਿਸਕਲੋਜ਼ਰ ਸਕਾਟਲੈਂਡ ਨੂੰ ਦੇਣੀ ਚਾਹੀਦੀ ਹੈ।

**86.** 2007 ਅਧਿਨਿਯਮ ਤੀਜੇ ਧਿਰਾਂ ਨੂੰ ਰੋਕਦਾ ਹੈ ਜਿਨ੍ਹਾਂ ਨੂੰ ਸਕੀਮ ਮੈਂਬਰ ਨੂੰ ਆਪਣੇ ਪ੍ਰਕਟੀਕਰਨ ਰਿਕਾਰਡ ਬਾਰੇ ਪੁੱਛਣ ਰਾਹੀਂ ਸਿੱਧੇ ਤੌਰ ਤੇ ਨਿਯੁਕਤ ਨਹੀਂ ਕੀਤਾ ਜਾ ਰਿਹਾ ਜਾਂ ਜਿਨ੍ਹਾਂ ਬਾਰੇ ਵਿਵਸਥਿਤ ਕੰਮ ਕਰਨ ਲਈ ਨਿਯੁਕਤ ਕਰਨ ਤੇ ਵਿਚਾਰ ਨਹੀਂ ਕੀਤਾ ਜਾ ਰਿਹਾ। ਫੇਰ ਵੀ, ਉਸ ਮਾਮਲੇ ਵਿੱਚ ਛੂਟ ਦਿੱਤੀ ਜਾਂਦੀ ਹੈ ਜਿੱਥੇ ਉਹ ਸੰਸਥਾਵਾਂ, ਜੋ ਪੜ੍ਹਾਈ ਜਾਂ ਸੇਹਤ ਸੇਵਾਵਾਂ ਮੁਹੱਈਆ ਕਰਦੀਆਂ ਹਨ, ਬੱਚਿਆਂ ਜਾਂ ਰੱਖਿਅਕ ਵਿਅਸਕਾਂ ਨੂੰ ਪਰਿਵਹਨ ਸੇਵਾਵਾਂ ਪ੍ਰਦਾਨ ਕਰਨ ਲਈ ਤਿਜੇ ਧਿਰ ਦੀ ਸੰਸਥਾ ਨਾਲ ਸਮਝੌਤਾ ਕਰ ਰਹੀਆਂ ਹਨ।

**87.** ਦੀ ਪ੍ਰਾਟੈਕਸ਼ਨ ਆਫ ਵਲਨਰੇਬਲ ਗਰੁੱਪਸ (ਸਕਾਟਲੈਂਡ) ਐਕਟ 2007 (ਸਕੀਮ ਰਿਕਾਰਡਾਂ ਲਈ ਗੈਰਕਨੂੰਨੀ ਬੇਨਤੀਆਂ) (ਨਿਰਧਾਰਤ ਸਥਿਤੀਆਂ) ਰੇਗੁਲੇਸ਼ਨਸ 2010 (SSI 2010/194) ਵਿੱਚ ਉਨ੍ਹਾਂ ਸੰਸਥਾਵਾਂ ਦਾ ਵੇਰਵਾ ਦਿੱਤਾ ਗਿਆ ਹੈ ਜਿਨ੍ਹਾਂ ਨੂੰ, ਜੇ ਬੱਚਿਆਂ ਜਾਂ ਰੱਖਿਅਕ ਵਿਅਸਕਾਂ ਲਈ ਪਰਿਵਹਨ ਸੇਵਾਵਾਂ ਪ੍ਰਦਾਨ ਕਰਨ ਲਈ ਸਮਝੌਤੇ ਦੀ ਵਰਤੋਂ ਕਰ ਰਹੀਆਂ ਹਨ, ਅਜਿਹੇ ਕਿਸੇ ਕਰਮਚਾਰੀ ਦੇ ਪ੍ਰਕਟੀਕਰਨ ਰਿਕਾਰਡ ਨੂੰ ਦੇਖਣ ਲਈ ਆਖਿਆ ਜਾ ਸਕਦਾ ਹੈ ਜਿਸਨੂੰ ਠੇਕੇਦਾਰ ਸੇਵਾਵਾਂ ਪ੍ਰਦਾਨ ਕਰਨਾ ਚਾਹੁੰਦਾ ਹੈ। ਇਹ ਸੰਸਥਾਵਾਂ ਹਨ: ਕੌਂਸਿਲ, ਸਕੂਲ, ਇੱਕ ਸਿੱਖਿਆਤਮਕ ਸੰਸਥਾ, ਇੱਕ ਸੇਹਤ ਸੰਸਥਾ, ਇੱਕ ਆਤਮਨਿਰਭਰ ਹਸਪਤਾਲ, ਇੱਕ ਨਿਜੀ ਮਨੋਵਿਕਾਰੀ ਹਸਪਤਾਲ, ਇੱਕ ਆਤਮਨਿਰਭਰ ਕਲੀਨਿਕ ਜਾਂ ਇੱਕ ਆਤਮ-ਨਿਰਭਰ ਮੈਡਿਕਲ ਏਜੰਸੀ। ਠੇਕੇਦਾਰ ਕਮਿਸ਼ਨਿੰਗ ਸੰਸਥਾ ਨੂੰ ਪ੍ਰਕਟੀਕਰਨ ਰਿਕਾਰਡ ਤਾਂ ਹੀ ਦਿਖਾ ਸਕਦਾ ਹੈ ਜੇ ਕਰਮਚਾਰੀ ਨਾਲ ਸਬੰਧਤ ਵਿਅਕਤੀ ਨੇ ਆਪਣੇ ਮਾਲਕ ਨੂੰ ਲਿਖਤੀ ਰੂਪ ਵਿੱਚ ਆਪਣੀ ਰਜ਼ਾਮਦੀ ਦਿੱਤੀ ਹੈ। ਰਜ਼ਾਮੰਦੀ ਆਪਣੀ ਮਰਜ਼ੀ ਨਾਲ ਬਿਨਾ ਕਿਸੇ ਦਬਾਵ ਤੋਂ ਦਿੱਤੀ ਜਾਣੀ ਚਾਹੀਦੀ ਹੈ। ਮਾਲਕ ਨੂੰ ਇਸ ਲਿਖਿਤ ਰਜ਼ਾਮੰਦੀ ਦੀ ਕਾਪੀ ਆਪਣੇ ਕੋਲ ਰੱਖਣੀ ਚਾਹੀਦੀ ਹੈ। ਡਿਸਕਲੋਜ਼ਰ ਸਕਾਟਲੈਂਡ ਇਸ ਪ੍ਰਬੰਧ ਵਿੱਚ ਸ਼ਾਮਲ ਨਹੀਂ ਹੈ।[10]

**88.** ਪ੍ਰਕਟੀਕਰਨ ਜਾਣਕਾਰੀ ਨੂੰ ਸੁਰੱਖਿਅਤ ਸਥਿਤੀਆਂ ਵਿੱਚ ਭੰਡਾਰਤ ਕੀਤਾ ਜਾਣਾ ਚਾਹੀਦਾ ਹੈ। ਦਸਤਾਵੇਜ਼ਾਂ ਨੂੰ ਤਾਲਾਬੰਦ ਕਰਨ ਯੋਗ ਅਤੇ ਉਠਾਏ ਨਾ ਜਾਣ ਯੋਗ ਭੰਡਾਰਨ ਯੂਨਿਟਾਂ ਵਿੱਚ ਰੱਖਣਾ ਚਾਹੀਦਾ ਹੈ। ਅਜਿਹੇ ਭੰਡਾਰਨ ਯੂਨਿਟਾਂ ਲਈ ਚਾਬੀਆਂ ਜਾਂ ਸੰਯੋਜਨ ਸੰਸਥਾ ਦੇ ਅੰਦਰ ਆਸਾਨੀ ਨਾਲ ਉਪਲਬਧ ਨਹੀਂ ਕਰਵਾਏ ਜਾਣੇ ਚਾਹੀਦੇ ਅਤੇ ਭੰਡਾਰਨ ਯੂਨਿਟਾਂ ਅਤੇ ਕਮਰਿਆਂ ਤੇ ਸਿਰਫ ਨਾਮਿਤ ਵਿਅਕਤੀਆਂ ਦੀ ਪਹੁੰਚ ਹੋਣੀ ਚਾਹੀਦੀ ਹੈ। ਪ੍ਰਕਟੀਕਰਨ ਜਾਣਕਾਰੀ ਨੂੰ ਕਰਮਚਾਰੀ ਦੀ ਨਿਜੀ ਫਾਈਲ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ। ਜੇ ਇਲੈਕਟ੍ਰੋਨਿਕ ਪ੍ਰਕਟੀਕਰਨ ਜਾਣਕਾਰੀ ਉਪਲਬਧ ਹੁੰਦੀ ਹੈ ਤਾਂ ਸਾਵਧਾਨੀ ਵਰਤੀ ਜਾਣੀ ਚਾਹੀਦੀ ਹੈ ਕਿ ਗੈਰ-ਅਧਿਕਾਰਤ ਤੌਰ ਤੇ ਇਸਨੂੰ ਦੇਖਣਾ, ਭੇਜਣਾ, ਭੰਡਾਰਨ ਜਾਂ ਪ੍ਰਿੰਟ ਨਹੀਂ ਕਰਨਾ ਚਾਹੀਦਾ ਹੈ।

---

[9] ਸੀਰੀਅਸ ਆਰਗਨਾਈਜ਼ਡ ਕ੍ਰਾਈਮ ਅਤੇ ਪੁਲਿਸ ਅਧਿਨਿਯਮ 2005 ਅਨੁਸੂਚੀ 14, ਪੈਰਾ 12 ਸੰਸ਼ੋਧਤ ਭਾਗ 124.

[10] ਵਧੇਰੇ ਜਾਣਕਾਰੀ ਲਈ, *ਪ੍ਰਾਟੈਕਟਿੰਗ ਵਲਨਰੇਬਲ ਗਰੁੱਪਸ ਸਕੀਮ: ਵਿਅਕਤੀਆਂ, ਸੰਸਥਾਵਾਂ ਅਤੇ ਨਿਜੀ ਮਾਲਕਾਂ ਲਈ ਹਿਦਾਇਤਾਂ,* ਸਕਾਟਿਸ਼ ਸਰਕਾਰ, ਜੂਨ 2010 ਦੇ ਅਧਿਆਏ 5 ਨੂੰ ਦੇਖੋ

**89.** ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਵਾਲੇ ਪੰਜੀਕ੍ਰਿਤ ਵਿਅਕਤੀ ਜਾਂ ਸੰਸਥਾਵਾਂ ਨੂੰ ਅਜਿਹੀ ਜਾਣਕਾਰੀ ਇਸਦੀ ਲੋੜ ਤੋਂ ਵੱਧ ਸਮੇਂ ਲਈ ਆਪਣੇ ਕੋਲ ਸੰਭਾਲ ਕੇ ਨਹੀਂ ਰੱਖਣੀ ਚਾਹੀਦੀ। ਸੰਸਥਾਵਾਂ ਨੂੰ ਹਰ ਸਮੇਂ ਡਾਟਾ ਪ੍ਰੋਟੈਕਸ਼ਨ ਐਕਟ 1998 ਦੀ ਪਾਲਣਾ ਦੀ ਲੋੜ ਤੋਂ ਜਾਣੂ ਹੋਣਾ ਚਾਹੀਦਾ ਹੈ ਜੋ ਮੰਗ ਕਰਦਾ ਹੈ ਕਿ ਨਿਜੀ ਜਾਣਕਾਰੀ ਸਿਰਫ ਉੰਨੇ ਸਮੇਂ ਲਈ ਹੀ ਰੱਖੀ ਜਾਣਾ ਚਾਹੀਦੀ ਹੈ ਜਿੰਨੇ ਸਮੇਂ ਇਸਦੀ ਪ੍ਰਾਪਤ ਕੀਤੇ ਜਾਣ ਵਾਲੇ ਉਦੇਸ਼ਾਂ ਲਈ ਲੋੜ ਹੈ। ਇਹ ਉਹ ਤਾਰੀਖ ਹੋ ਸਕਦੀ ਹੈ ਜਦੋਂ ਨਿਯੁਕਤੀ ਜਾਂ ਇਸ ਨਾਲ ਸਬੰਧਤ ਹੋਰ ਨਿਰਣੇ ਲਿੱਤੇ ਜਾਂਦੇ ਹਨ, ਜਾਂ ਉਸ ਤਾਰੀਖ ਤੋਂ ਬਾਅਦ ਜਦੋਂ ਪ੍ਰਕਟੀਕਰਨ ਜਾਣਕਾਰੀ ਦੀ ਸਟੀਕਤਾ ਬਾਰੇ ਕੋਈ ਵੀ ਵਾਦ-ਵਿਵਾਦ[11] ਸੁਲਝਾ ਲਿੱਤਾ ਜਾਂਦਾ ਹੈ। PVG ਪ੍ਰਕਟੀਕਰਨ ਰਿਕਾਰਡਾਂ ਲਈ, ਇਹ ਉਹ ਤਾਰੀਖ ਹੋ ਸਕਦੀ ਹੈ ਜਦੋਂ ਵਿਅਕਤੀ ਉਸ ਸੰਸਥਾ ਲਈ ਵਿਵਸਥਿਤ ਕੰਮ ਕਰਨਾ ਬੰਦ ਕਰਦਾ ਹੈ।

**90.** ਫੇਰ ਵੀ, ਜੇ ਪ੍ਰਕਟੀਕਰਨ ਜਾਣਕਾਰੀ ਨੂੰ ਕਿਸੇ ਹੋਰ ਸੰਸਥਾ ਵੱਲੋਂ ਇੱਕ ਪੰਜੀਕ੍ਰਿਤ ਵਿਅਕਤੀ ਦੁਆਰਾ ਪ੍ਰਾਪਤ ਕੀਤਾ ਗਿਆ ਹੈ, ਤਾਂ ਪ੍ਰਕਟੀਕਰਨ ਜਾਣਕਾਰੀ ਨੂੰ ਪੰਜੀਕ੍ਰਿਤ ਵਿਅਕਤੀ ਦੁਆਰਾ ਉਸ ਤਾਰੀਖ ਤੋਂ ਬਾਅਦ ਨਹੀਂ ਰੱਖਿਆ ਜਾਣਾ ਚਾਹੀਦਾ ਜਦੋਂ ਇਸਦਾ ਖੁਲਾਸਾ ਉਨ੍ਹਾਂ ਨੂੰ ਕੀਤਾ ਜਾਂਦਾ ਹੈ ਜਿਨ੍ਹਾਂ ਵੱਲੋਂ ਇਸਨੂੰ ਪ੍ਰਾਪਤ ਕੀਤਾ ਗਿਆ ਸੀ।

**91.** ਨਮੂਨੇ ਸਬੰਧੀ ਪ੍ਰਮਾਣੀਕਰਨ ਜਿਸਦੀ ਵਰਤੋਂ ਇਸ ਉਦੇਸ਼ ਲਈ ਕੀਤੀ ਜਾ ਸਕਦੀ ਹੈ, ਡਿਸਕਲੋਜ਼ਰ ਸਕਾਟਲੈਂਡ ਦੀ ਵੈੱਬਸਾਈਟ www.disclosurescotland.co.uk ਤੇ ਉਪਲਬਧ ਹਨ। ਇਸ ਜਾਣਕਾਰੀ ਦੀ ਲੋੜ ਬਾਅਦ ਵਿੱਚ ਪੈ ਸਕਦੀ ਹੈ, ਜਿਵੇਂ, ਦੇਖਭਾਲ ਸੇਵਾ ਦੇ ਪੰਜੀਕਰਨ ਦੇ ਦੌਰਾਨ। ਇਹ ਵੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਉਨ੍ਹਾਂ ਸਾਰਿਆਂ ਦਾ ਲਿਖਤੀ ਰਿਕਾਰਡ ਰੱਖਿਆ ਜਾਵੇ ਜਿਨ੍ਹਾਂ ਨੂੰ ਪ੍ਰਕਟੀਕਰਨ ਜਾਣਕਾਰੀ ਇੱਕ ਸਪਸ਼ਟ ਲੇਖਾ-ਪਰੀਖਣ ਪਰਖ ਦੇ ਉਦੇਸ਼ਾਂ ਲਈ ਭੇਜੀ ਗਈ ਹੋਵੇ।

**92.** ਹਰ ਪ੍ਰਕਾਰ ਦੀ ਪ੍ਰਕਟੀਕਰਨ ਜਾਣਕਾਰੀ ਦਾ ਵਿਨਾਸ਼ ਢੁੱਕਵੇਂ ਸੁਰੱਖਿਅਤ ਸਾਧਨਾਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ, ਮਿਸਾਲ ਦੇ ਤੌਰ ਤੇ ਜਿਵੇਂ, ਇਸਨੂੰ ਟੁੱਕੜੇ-ਟੁੱਕੜੇ ਕਰਨਾ, ਇਸਦਾ ਗੁਦਾ ਬਣਾਉਣਾ ਜਾਂ ਜਲਾਉਣਾ। ਇਸਨੂੰ ਕਿਸੇ ਅਸੁਰੱਖਿਅਤ ਪਾਤਰ-ਧਾਰਕ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ, ਜਿਵੇਂ, ਨਸ਼ਟ ਕਰਨ ਦੀ ਉਡੀਕ ਕਰਨ ਦੇ ਦੌਰਾਨ, ਕੂੜੇਦਾਨ ਜਾਂ ਗੁਪਤ ਕੂੜੇਦਾਨ ਵਿੱਚ। ਪ੍ਰਕਟੀਕਰਨ ਜਾਣਕਾਰੀ ਦੀ ਕੋਈ ਫੋਟੋਕਾਪੀ ਜਾਂ ਕੋਈ ਤਸਵੀਰ ਨਹੀਂ ਰੱਖੀ ਜਾਣੀ ਚਾਹੀਦੀ।

## ਗਰੰਟੀ ਅਤੇ ਲੇਖਾ-ਪਰੀਖਣ

**93.** ਇਸ ਨੇਮਾਵਲੀ ਵਿੱਚ ਪ੍ਰਕਟੀਕਰਨ ਜਾਣਕਾਰੀ ਨੂੰ ਪ੍ਰਾਪਤ ਕਰਨ ਵਾਲਿਆਂ ਕੋਲੋਂ ਮੰਗ ਕੀਤੀ ਜਾਂਦੀ ਹੈ ਕਿ:

- ਡਿਸਕਲੋਜ਼ਰ ਸਕਾਟਲੈਂਡ ਦੀ ਬੇਨਤੀ ਤੇ ਪ੍ਰਕਟੀਕਰਨ ਜਾਣਕਾਰੀ ਦਾ ਉਨ੍ਹਾਂ ਦੀ ਸਾਂਭ-ਸੰਭਾਲ, ਧਾਰਨ ਅਤੇ ਵਿਨਾਸ਼ ਲਈ ਇੱਕ ਲੇਖਾ-ਪਰੀਖਣ ਕੀਤਾ ਜਾਵੇ।

**94.** ਇਸ ਵਿੱਚ ਨਿਮਨਲਿਖਤ ਫਾਰਮ ਲਿੱਤਾ ਜਾ ਸਕਦਾ ਹੈ:

- ਸਵੈ ਮੁਲਾਂਕਣ ਲੇਖਾ-ਪਰੀਖਣ ਪੂਰਾ ਕਰਨਾ ਜੋ ਆਵਧਿਕ ਆਧਾਰ ਤੇ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਜਾਰੀ ਕੀਤਾ ਜਾਵੇਗਾ। ਇਸ ਫਾਰਮ ਵਿੱਚ ਉਹ ਸੁਆਲ ਸ਼ਾਮਲ ਹੋ ਸਕਦੇ ਹਨ ਜਿਨ੍ਹਾਂ ਦੇ ਜੁਆਬ ਡਿਸਕਲੋਜ਼ਰ ਸਕਾਟਲੈਂਡ ਦੀ ਇਹ ਨਿਰਧਾਰਤ ਕਰਨ ਵਿੱਚ ਮਦਦ ਕਰਣਗੇ ਕਿ ਪੰਜੀਕ੍ਰਿਤ ਵਿਅਕਤੀ ਦੁਆਰਾ ਇਸ ਨੇਮਾਵਲੀ ਅਤੇ ਕਨੂੰਨ ਦੀ ਪਾਲਣਾ ਕੀਤੀ ਜਾ ਰਹੀ ਹੈ;
- ਕਿਸੇ ਵੀ ਪਾਲਣਾ ਸਬੰਧੀ ਜਾਂਚਾਂ (ਲੇਖਾ-ਪਰੀਖਣ) ਦੌਰਾਨ ਡਿਸਕਲੋਜ਼ਰ ਸਕਾਟਲੈਂਡ ਦੇ ਸਟਾਫ ਦਾ ਸਹਿਯੋਗ ਦੇਣਾ, ਜਿਸ ਵਿੱਚ ਪੰਜੀਕ੍ਰਿਤ ਵਿਅਕਤੀ ਦੇ ਸਥਾਨ ਤੇ ਦੌਰਾ ਸ਼ਾਮਲ ਹੈ, ਇਸ ਲਈ ਕਿ ਡਿਸਕਲੋਜ਼ਰ ਸਕਾਟਲੈਂਡ ਸੰਤੁਸ਼ਟੀ ਕਰ ਸਕੇ ਕਿ ਪ੍ਰਕਟੀਕਰਨ ਜਾਣਕਾਰੀ ਨੂੰ ਪ੍ਰਾਪਤ ਕਰਨ ਵਾਲੇ ਵਿਅਕਤੀ ਨੇਮਾਵਲੀ ਅਤੇ ਕਨੂੰਨ ਦੇ ਮੁਤਾਬਕ ਜਾਣਕਾਰੀ ਦੀ ਵਰਤੋਂ ਕਰ ਰਹੇ ਹਨ;
- ਅਸਫਲਤਾ ਦੀ ਕਿਸੇ ਵੀ ਘਟਨਾ ਦੀ ਸੂਚਨਾ ਡਿਸਕਲੋਜ਼ਰ ਸਕਾਟਲੈਂਡ ਨੂੰ ਦੇਣਾ, ਭਾਵੇਂ ਉਹ ਨੇਮਾਵਲੀ ਦੀ ਪਾਲਣਾ ਦੇ ਸਬੰਧ ਵਿੱਚ ਉਨ੍ਹਾਂ ਦੇ ਆਪਣੇ ਕੋਲੋਂ ਹੋਵੇ ਜਾਂ ਕਿਸੇ ਹੋਰ ਵੱਲੋਂ; ਅਤੇ
- ਕਿਸੇ ਵੀ ਵਾਜਬ ਸ਼ੱਕ-ਸ਼ੁਭਾਅ ਦੀ ਸੂਚਨਾ ਡਿਸਕਲੋਜ਼ਰ ਸਟਾਕਲੈਂਡ ਨੂੰ ਦੇਣਾ ਕਿ 1997 ਅਧਿਨਿਯਮ ਦੀ ਧਾਰਾ 123 ਅਤੇ 124[12] ਦੇ ਤਹਿਤ (ਅੰਤਕਾ B ਦੇਖੋ) ਜਾਂ 2007 ਅਧਿਨਿਯਮ ਦੀ ਧਾਰਾ 65 ਤੋਂ 67 ਦੇ ਤਹਿਤ ਕੋਈ ਅਪਰਾਧ ਕੀਤਾ ਜਾਂਦਾ ਹੈ (ਅੰਤਕਾ C ਦੇਖੋ)।

**95.** ਪਾਲਣਾ ਲੇਖਾ-ਪਰੀਖਣ ਦੇ ਸੰਚਾਲਨ ਵਿੱਚ, ਡਿਸਕਲੋਜ਼ਰ ਸਕਾਟਲੈਂਡ ਖਾਸ ਤੌਰ ਤੇ:

- ਯਕੀਨੀ ਬਣਾਵੇਗਾ ਕਿ ਪ੍ਰਕਟੀਕਰਨਾਂ ਦੀ ਸੁਰੱਖਿਆ ਅਤੇ ਧਾਰਨ ਦੇ ਸਬੰਧ ਵਿੱਚ ਪੰਜੀਕਰਨ ਦੀਆਂ ਜਿੰਮੇਵਾਰੀਆਂ ਨਿਭਾਈਆਂ ਜਾ ਰਹੀਆਂ ਹਨ;
- ਪੁਸ਼ਟੀ ਕਰੇਗਾ ਕਿ ਪੰਜੀਕ੍ਰਿਤ ਵਿਅਕਤੀ ਢੁੱਕਵੇਂ ਪ੍ਰਕਾਰ ਦੀ ਪ੍ਰਕਟੀਕਰਨ ਅਰਜ਼ੀ ਜਾਂ ਬੇਨਤੀ ਦੇ ਰਹੇ ਹਨ;
- ਪੁਸ਼ਟੀ ਕਰੇਗਾ ਕਿ ਡਿਸਕਲੋਜ਼ਰ ਸਕਾਟਲੈਂਡ ਵੱਲੋਂ ਪ੍ਰਦਾਨ ਕੀਤੀ ਗਈ ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਵਿਅਕਤੀ ਨੂੰ ਨੁਕਸਾਨ ਪਹੁੰਚਾਏ ਬਿਨਾਂ ਨਿਆਂਪੂਰਨ ਢੰਗ ਨਾਲ ਕੀਤੀ ਜਾ ਰਹੀ ਹੈ;

---

[11] ਵਾਦ-ਵਿਵਾਦਾਂ/ਅਪੀਲਾਂ ਦਾ ਵੇਰਵਾ ਡਿਸਕਲੋਜ਼ਰ ਸਕਾਟਲੈਂਡ ਦੀ ਵੈੱਬਸਾਈਟ ਤੇ ਉਪਲਬਧ ਹੈ: www.disclosurescotland.co.uk.

[12] ਸੀਰੀਅਸ ਆਰਗਨਾਈਜ਼ਡ ਕ੍ਰਾਈਮ ਅਤੇ ਪੁਲਿਸ ਅਧਿਨਿਯਮ 2005 ਅਨੁਸੂਚੀ 14, ਪੈਰਾ 12 1997 ਅਧਿਨਿਯਮ ਦੀ ਸੰਸ਼ੋਧਤ ਧਾਰਾ 124.

- ਪ੍ਰਕਟੀਕਰਨ ਜਾਣਕਾਰੀ ਦੇ ਚੰਗੇ ਇਸਤੇਮਾਲ ਤੇ ਪੰਜੀਕ੍ਰਿਤ ਵਿਅਕਤੀਆਂ ਨੂੰ ਸਲਾਹ ਦੇਵੇਗਾ; ਅਤੇ
- ਉਨ੍ਹਾਂ ਵਿਅਕਤੀਆਂ ਦਾ ਪਤਾ ਲਗਾਵੇਗਾ ਜੋ ਹੁਣ ਅੱਗੋਂ ਲਈ ਪ੍ਰਕਟੀਕਰਨ ਅਰਜ਼ੀਆਂ ਤੇ ਕਾਉਂਟਰ-ਹਸਤਾਖਰ ਕਰਨਾ ਜਾਂ ਬੇਨਤੀਆਂ ਤੇ ਘੋਸ਼ਣਾ-ਪੱਤਰ ਬਣਾਉਣਾ ਨਹੀਂ ਚਾਹੁੰਦੇ ਹਨ (ਸੰਭਾਵੀ ਰੂਪ ਵਿੱਚ ਇਸ ਕਰਕੇ ਕਿਉਂਕਿ ਉਹ ਉਸ ਸੰਸਥਾ ਲਈ ਹੁਣ ਕੰਮ ਨਹੀਂ ਕਰਦੇ ਜਾਂ ਉਨ੍ਹਾਂ ਦੀਆਂ ਭੂਮਿਕਾਵਾਂ ਬਦਲ ਗਈਆਂ ਹਨ ਅਤੇ ਹੁਣ ਉਨ੍ਹਾਂ ਦੀ ਪ੍ਰਕਟੀਕਰਨਾਂ ਦੀ ਪ੍ਰਕਿਰਿਆ ਵਿੱਚ ਕੋਈ ਭੂਮਿਕਾ ਨਹੀਂ ਹੈ)।

**96.** ਉਨ੍ਹਾਂ ਵਿਅਕਤੀਆਂ ਦੀਆਂ ਸ਼ਿਕਾਇਤਾਂ ਪ੍ਰਾਪਤ ਕਰਨ ਤੋਂ ਬਾਅਦ ਜੋ ਪ੍ਰਕਟੀਕਰਨਾਂ ਦੇ ਕਰਤਾ ਹਨ ਜਾਂ ਪਬਲਿਕ ਦੇ ਮੈਂਬਰਾਂ ਵੱਲੋਂ ਪੰਜੀਕ੍ਰਿਤ ਵਿਅਕਤੀਆਂ ਜਾਂ ਪ੍ਰਕਟੀਕਰਨ ਜਾਣਕਾਰੀ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਬਾਰੇ ਸ਼ਿਕਾਇਤਾਂ ਪ੍ਰਾਪਤ ਕਰਨ ਤੋਂ ਬਾਅਦ, ਡਿਸਕਲੋਜ਼ਰ ਸਕਾਟਲੈਂਡ ਪੰਜੀਕ੍ਰਿਤ ਵਿਅਕਤੀਆਂ ਦੇ ਪਾਲਣਾ ਸਬੰਧੀ ਲੇਖਾ-ਪਰੀਖਣ ਕਰ ਸਕਦਾ ਹੈ ਜਿਸ ਵਿੱਚ ਸੰਸਥਾਵਾਂ ਦੇ ਦੌਰੇ ਕੀਤੇ ਜਾ ਸਕਦੇ ਹਨ। ਪਾਲਣਾ ਸਬੰਧੀ ਲੇਖਾ-ਪਰੀਖਣ ਪੰਜੀਕ੍ਰਿਤ ਵਿਅਕਤੀ, ਮੁੱਖ ਹਸਤਾਖਰਕਰਤਾ ਜਾਂ ਕਾਉਂਟਰ-ਹਸਤਾਖਰਕਰਤਾ ਦੀ ਬੇਨਤੀ ਤੇ ਵੀ ਕੀਤੇ ਜਾ ਸਕਦੇ ਹਨ, ਜੇ ਉਸ ਵਿਅਕਤੀ ਨੂੰ ਲਗਦਾ ਹੈ ਕਿ ਉਸਦੀ ਸੰਸਥਾ ਵਿੱਚ ਉਹ ਜਾਂ ਕੋਈ ਵਿਅਕਤੀ ਨੇਮਾਵਲੀ ਦੀ ਉਲੰਘਣਾ ਕਰ ਰਿਹਾ ਹੈ ਜਾਂ ਕਰ ਸਕਦਾ ਹੈ। ਅਜਿਹੇ ਹਲਾਤਾਂ ਵਿੱਚ ਡਿਸਕਲੋਜ਼ਰ ਸਕਾਟਲੈਂਡ ਇਹ ਪਤਾ ਲਗਾਵੇਗਾ ਕਿ ਪਾਲਣਾ ਸਬੰਧੀ ਲੇਖਾ-ਪਰੀਖਣ ਕੀਤਾ ਜਾਵੇ ਜਾਂ ਨਹੀਂ।

**97.** ਡਿਸਕਲੋਜ਼ਰ ਸਕਾਟਲੈਂਡ ਆਮ ਤੌਰ ਤੇ ਪਾਲਣਾ ਸੰਬਧੀ ਲੇਖਾ-ਪਰੀਖਣਾਂ ਦੀ ਪਹਿਲਾਂ ਤੋਂ ਵਿਵਸਥਾ ਕਰੇਗਾ। ਫੇਰ ਵੀ, ਇਹ ਬਿਨਾਂ ਸੂਚਨਾ ਦਿੱਤੇ ਇਸਨੂੰ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ। ਡਿਸਕਲੋਜ਼ਰ ਸਕਾਟਲੈਂਡ ਲੋੜ ਪੈਣ ਤੇ ਸਿਫਾਰਿਸ਼ਾਂ ਦੇ ਨਾਲ ਉਨ੍ਹਾਂ ਨੂੰ ਲਿਖਤੀ ਰਿਪੋਰਟਾਂ ਪ੍ਰਦਾਨ ਕਰੇਗਾ ਜੋ ਪਾਲਣਾ ਸਬੰਧੀ ਲੇਖਾ-ਪਰੀਖਣ ਦੇ ਕਰਤਾ ਹਨ। ਪੰਜੀਕ੍ਰਿਤ ਵਿਅਕਤੀ ਨੂੰ ਜਾਰੀ ਕੀਤੀ ਗਈ ਰਿਪੋਰਟ ਵਿੱਚ ਲਾਜ਼ਮੀ ਲੋੜਾਂ ਵੀ ਹੋ ਸਕਦੀਆਂ ਹਨ। ਇਨ੍ਹਾਂ ਲਾਜ਼ਮੀ ਲੋੜਾਂ ਨੂੰ ਸਹਿਮਤ ਸਮੇਂਸੀਮਾਵਾਂ ਵਿੱਚ ਪੂਰਾ ਕਰਨਾ ਲਾਜ਼ਮੀ ਹੈ। ਡਿਸਕਲੋਜ਼ਰ ਸਕਾਟਲੈਂਡ ਇਹ ਪੁਸ਼ਟੀ ਕਰਨ ਲਈ ਹੋਰ ਵੀ ਪਾਲਣਾ ਸਬੰਧੀ ਲੇਖਾ-ਪਰੀਖਣ ਕਰਵਾ ਸਕਦੀ ਹੈ ਕਿ ਪਿਛਲੀ ਵਾਰ ਕੀਤੇ ਗਏ ਪਾਲਣਾ ਸਬੰਧੀ ਲੇਖਾ-ਪਰੀਖਣਾਂ ਦੇ ਨਤੀਜੇ ਵਜੋਂ ਕੋਈ ਵੀ ਸਿਫਾਰਿਸ਼ਾਂ ਨੂੰ ਲਾਗੂ ਕੀਤਾ ਗਿਆ ਹੈ। ਜੇ ਪਾਲਣਾ ਸਬੰਧੀ ਲੇਖਾ-ਪਰੀਖਣ ਦਰਸ਼ਾਉਂਦਾ ਹੈ ਕਿ ਕੋਈ ਅਪਰਾਧ ਕੀਤਾ ਗਿਆ ਹੋ ਸਕਦਾ ਹੈ, ਤਾਂ ਡਿਸਕਲੋਜ਼ਰ ਸਕਾਟਲੈਂਡ ਇਸਦੀ ਸੂਚਨਾ ਪੁਲਿਸ ਨੂੰ ਦੇਵੇਗਾ।

# ਸ਼ਨਾਖਤ

## ਵਿਅਕਤੀ ਦੀ ਸ਼ਨਾਖਤ ਦੇ ਸਬੂਤ

**98.** ਮਾਲਕਾਂ ਨੂੰ ਔਹਦਿਆਂ ਲਈ ਅਰਜ਼ੀਆਂ ਦੇਣ ਵਾਲਿਆਂ ਜਾਂ ਜਿਨ੍ਹਾਂ ਦੀ ਪਹਿਲਾਂ ਤੋਂ ਨਿਯੁਕਤੀ ਕੀਤੀ ਗਈ ਹੈ, ਜਿਵੇਂ ਜੇ ਕੋਈ ਪਹਿਲੀ ਵਾਰ PVG ਸਕੀਮ ਵਿੱਚ ਸ਼ਾਮਲ ਹੋਇਆ ਹੈ, ਦੀ ਸ਼ਨਾਖਤ ਦੇ ਪ੍ਰਤੀ ਆਪਣੀ ਸੰਤੁਸ਼ਟੀ ਕਰਨੀ ਚਾਹੀਦੀ ਹੈ। ਭਾਵੇਂ ਡਿਸਕਲੋਜ਼ਰ ਸਕਾਟਲੈਂਡ ਆਪਣੀਆਂ ਸ਼ਨਾਖਤ ਜਾਂਚਾ ਕਰੇਗੀ, ਪਰ ਸੰਸਥਾਵਾਂ ਅਤੇ ਮਾਲਕਾਂ ਦੁਆਰਾ ਵੀ ਇਨ੍ਹਾਂ ਜਾਂਚਾਂ ਨੂੰ ਕੀਤਾ ਜਾਣਾ ਚਾਹੀਦਾ ਹੈ। ਜਦਕਿ ਡਿਸਕਲੋਜ਼ਰ ਸਕਾਟਲੈਂਡ ਕੋਲ ਕਈ ਪ੍ਰਕਾਰ ਦੇ ਦਸਤਾਵੇਜਾਂ ਦਾ ਰਿਕਾਰਡ ਹੋ ਸਕਦਾ ਹੈ ਜਿਨ੍ਹਾਂ ਨੂੰ ਸ਼ਨਾਖਤ ਉਦੇਸ਼ਾਂ ਲਈ ਦੇਖਿਆ ਜਾਂਦਾ ਹੈ, ਫੇਰ ਵੀ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਮਾਲਕ ਕੀਤੀਆਂ ਗਈਆਂ ਸ਼ਨਾਖਤ ਜਾਂਚਾਂ ਦੇ ਵੇਰਵੇ ਨੂੰ ਸੰਭਾਲ ਕੇ ਰੱਖਣ ਤਾਂ ਜੋ ਭਵਿੱਖ ਵਿੱਚ ਡਿਸਕਲੋਜ਼ਰ ਸਕਾਟਲੈਂਡ ਵੀ ਲੋੜ ਪੈਣ ਤੇ ਪੁੱਛ-ਗਿੱਛ ਕਰ ਸਕੇ।

**99.** ਪ੍ਰਕਟੀਕਰਨ ਅਰਜ਼ੀਆਂ ਜਾਂ ਬੇਨਤੀਆਂ ਤੇ ਕਾਉਂਟਰ-ਹਸਤਾਖਰ ਕਰਨ ਜਾਂ ਘੋਸ਼ਣਾ-ਪੱਤਰ ਬਣਾਉਣ ਵਾਲਿਆਂ ਨੂੰ ਉਨ੍ਹਾਂ ਵਿਅਕਤੀਆਂ ਨੂੰ ਸ਼ਨਾਖਤ ਸਬੂਤਾਂ ਦੇ ਪ੍ਰਮਾਣ-ਪੱਤਰਾਂ ਬਾਰੇ ਪੁੱਛਣ ਲਈ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ ਜੋ ਨਿਯੁਕਤੀ ਪ੍ਰਕਿਰਿਆ ਵਿੱਚ ਸ਼ਾਮਲ ਹਨ। ਸ਼ਨਾਖਤ ਵਿੱਚ ਸਹਿਯੋਗ ਦੇਣ ਲਈ **ਤਿੰਨ** ਤਰ੍ਹਾਂ ਦੀ ਜਾਣਕਾਰੀ ਦੀ ਮੰਗ ਕੀਤੀ ਜਾਂਦੀ ਹੈ। ਜੇ ਹੋ ਸਕੇ ਤਾਂ ਇਨ੍ਹਾਂ ਵਿੱਚੋਂ **ਇੱਕ** ਤਾਂ ਫੋਟੋ ਵਾਲਾ ਸਬੂਤ ਹੋਣਾ ਚਾਹੀਦਾ ਹੈ (ਜਿਵੇਂ, ਮੌਜੂਦਾ ਪਾਸਪੋਰਟ, ਨਵੇਂ ਤਰੀਕੇ ਦਾ ਯੂਕੇ ਦਾ ਡ੍ਰਾਈਵਿੰਗ ਲਾਈਸੈਂਸ, ਇੱਕ ਯੰਗ ਸਕੋਟ ਕਾਰਡ, ਜਾਂ ਇੱਕ ਨੈਸ਼ਨਲ ਐਂਟਾਈਟਲਮੈਂਟ ਕਾਰਡ, ਆਦਿ)। ਇੱਕ ਪਤੇ ਸਬੰਧੀ ਸਬੂਤ ਜਿਸ ਵਿੱਚ ਵਿਅਕਤੀ ਦਾ ਨਾਂ ਅਤੇ ਪਤਾ ਸ਼ਾਮਲ ਹੋਵੇ ਅਤੇ ਇੱਕ ਸਬੂਤ ਵਿਅਕਤੀ ਦੀ ਜਨਮ ਤਾਰੀਖ ਦੀ ਪੁਸ਼ਟੀ ਕਰਦਾ ਹੋਵੇ, ਵੀ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ। ਫੋਟੋ ਵਾਲੇ ਸਬੂਤ ਦੇ ਨਾ ਹੋਣ ਤੇ, ਜਨਮ ਪ੍ਰਮਾਣ-ਪੱਤਰ ਦੀ ਹਾਲੀਆ ਹੀ ਜਾਰੀ ਕੀਤੀ ਗਈ ਕਾਪੀ ਦੇ ਮੁਕਾਬਲੇ ਜਨਮ ਤਾਰੀਖ ਵਾਲੇ ਪੂਰੇ ਜਨਮ ਪ੍ਰਮਾਣ-ਪੱਤਰ ਦੀ ਜ਼ਿਆਦਾ ਅਹਿਮੀਅਤ ਹੋਵੇਗੀ। ਸਹਾਇਕ ਜਾਣਕਾਰੀ ਅਤੇ ਵਿਅਕਤੀ ਦੁਆਰਾ ਉਸਦੀ ਅਰਜ਼ੀ ਜਾਂ ਬੇਨਤੀ ਵਿੱਚ ਦਿੱਤੀ ਜਾਣਕਾਰੀ ਦੇ ਵਿੱਚ ਮੇਲ ਉਸਦੀ ਸ਼ਨਾਖਤ ਵਿੱਚ ਵਿਸ਼ਵਾਸਪੂਰਨ ਭੂਮਿਕਾ ਅਦਾ ਕਰੇਗੀ।

**100.** ਜੇ ਕੋਈ ਵਿਅਕਤੀ ਵਿਆਹ, ਆਮ ਕਨੂੰਨੀ ਸਬੰਧਾਂ ਜਾਂ ਕਿਸੇ ਹੋਰ ਸਾਧਨਾਂ ਤੋਂ ਬਾਅਦ ਆਪਣਾ ਨਾਂ ਬਦਲਣ ਦਾ ਦਾਅਵਾ ਕਰਦਾ ਹੈ, ਤਾਂ ਮਾਲਕ ਨੂੰ ਇਸ ਤਬਦੀਲੀ ਦਾ ਸਬੂਤ ਪ੍ਰਾਪਤ ਕਰਨਾ ਚਾਹੀਦਾ ਹੈ।

**101.** ਡਿਸਕਲੋਜ਼ਰ ਸਕਾਟਲੈਂਡ ਦੁਆਰਾ ਜਾਰੀ ਕੀਤੇ ਪ੍ਰਕਟੀਕਰਨ ਪ੍ਰਮਾਣ-ਪੱਤਰ ਜਾਂ ਰਿਕਾਰਡ ਨੂੰ ਸ਼ਨਾਖਤ ਦੇ ਸਬੂਤ ਦੇ ਤੌਰ ਤੇ ਨਹੀਂ ਲੈਣਾ ਚਾਹੀਦਾ।

### ਵਿਅਕਤੀ ਜੋ ਯੂਕੇ ਤੋਂ ਬਾਹਰ ਜੰਮੇ ਹਨ ਜਾਂ ਯੂਕੇ ਤੋਂ ਬਾਹਰ ਰਹਿ ਰਹੇ ਹਨ

102. ਵਿਅਕਤੀ ਦੀ ਨਿਯੁਕਤੀ ਨਾਲ ਸਬੰਧਤ ਇਨ੍ਹਾਂ ਦੋ ਮਾਮਲਿਆਂ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਜੋ ਯੂਕੇ ਤੋਂ ਬਾਹਰ ਜੰਮੇ ਹਨ ਜਾਂ ਜੋ ਯੂਕੇ ਤੋਂ ਬਾਹਰ ਰਹਿ ਰਹੇ ਹਨ: ਪਹਿਲਾ ਵਿਅਕਤੀ ਦੀ ਸ਼ਨਾਖਤ ਨਾਲ ਸਬੰਧਤ ਹੈ ਅਤੇ ਦੂਜਾ ਉਸਦੇ ਕ੍ਰਿਮਿਨਲ ਰਿਕਾਰਡ ਦੀ ਜਾਂਚ ਨਾਲ ਸਬੰਧਤ ਹੈ।

103. ਵਿਅਕਤੀ ਦੀ ਪਛਾਣ ਦੇ ਸਬੰਧ ਵਿੱਚ, ਮਾਲਕਾਂ ਨੂੰ ਨਿਯੁਕਤੀ ਪ੍ਰਕਿਰਿਆ ਦੇ ਦੌਰਾਨ ਖਾਸ ਸਾਵਧਾਨੀ ਵਰਤਣੀ ਚਾਹੀਦੀ ਹੈ, ਇਹ ਯਕੀਨੀ ਬਣਾਉਂਦੇ ਹੋਏ ਕਿ ਉਹ ਹਵਾਲਿਆਂ ਦਾ ਫੋਲੋ-ਅਪ ਕਰਦੇ ਹਨ ਅਤੇ ਨਿਯੁਕਤੀ ਕਰਨ ਤੋਂ ਪਹਿਲਾਂ ਹੋਰ ਸਾਰੀਆਂ ਸਬੰਧਤ ਜਾਂਚਾ ਕਰਦੇ ਹਨ। ਫੇਰ ਵੀ ਉੱਪਰ ਵਰਣਤ ਜਾਣਕਾਰੀ ਤੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਹਾਲਾਂਕਿ ਇਹ ਵਿਦੇਸ਼ੀ ਦਸਤਾਵੇਜ਼ਾਂ ਦੇ ਸਬੰਧ ਵਿੱਚ ਹੈ। ਸੈਂਟਰ ਫਾਰ ਦੀ ਪ੍ਰਾਟੈਕਸ਼ਨ ਆਫ ਨੈਸ਼ਨਲ ਇਨਫਰਾਸਟ੍ਰਕਟਰ (CPNI) ਵੈੱਬਸਾਈਟ www.cpni.gov.uk ਤੇ ਇਹ ਲਾਭਕਾਰੀ ਜਾਣਕਾਰੀ ਦਿੱਤੀ ਗਈ ਹੈ।

104. ਪੰਜੀਕ੍ਰਿਤ ਵਿਅਕਤੀਆਂ ਨੂੰ ਉਸ ਵਿਅਕਤੀ ਲਈ ਕ੍ਰਿਮਿਨਲ ਰਿਕਾਰਡ ਜਾਂਚ ਦੀ ਅਰਜ਼ੀ ਦੇਣੀ ਚਾਹੀਦੀ ਹੈ, ਜਿਨ੍ਹਾਂ ਦਾ ਯੂਕੇ ਵਿੱਚ ਪਤੇ ਦਾ ਕੋਈ ਇਤਿਹਾਸ ਨਹੀਂ ਹੈ, ਜਾਂ ਬਹੁਤ ਥੋੜ੍ਹਾ ਹੈ। ਹਾਲਾਂਕਿ ਅਜਿਹੇ ਵਿਅਕਤੀ ਲਈ ਪ੍ਰਕਟੀਕਰਨ ਪ੍ਰਾਪਤ ਕਰਨਾ ਇੱਕ ਸੀਮਿਤ ਮੁੱਲ ਲੱਗਦਾ ਹੈ, 2007 ਅਧਿਨਿਯਮ ਦੇ ਤਹਿਤ ਵਿਅਕਤੀ ਸਕੀਮ ਮੈਂਬਰ ਬਣ ਜਾਵੇਗਾ ਅਤੇ ਲਗਾਤਾਰ ਨਵੀਨੀਕਰਨ ਦੇ ਅਧੀਨ ਹੋਵੇਗਾ ਜੋ ਇਹ ਗਰੰਟੀ ਦੇਵੇਗਾ ਕਿ ਵਿਅਕਤੀ ਵਿਵਸਥਿਤ ਕੰਮ ਤੋਂ ਬਾਧਿਤ ਨਹੀਂ ਹੈ ਅਤੇ ਇਹ ਯਕੀਨੀ ਬਣਾਵੇਗਾ ਕਿ ਪੰਜੀਕ੍ਰਿਤ ਵਿਅਕਤੀ ਨੂੰ ਸੂਚਿਤ ਕੀਤਾ ਜਾਵੇਗਾ ਜੇ ਬਾਧਿਤ ਸਥਿਤੀ ਬਦਲ ਜਾਂਦੀ ਹੈ।

105. ਡਿਸਕਲੋਜ਼ਰ ਸਕਾਟਲੈਂਡ 1997 ਅਤੇ 2007 ਅਧਿਨਿਯਮਾਂ ਦੇ ਤਹਿਤ ਆਪਣੇ ਕਾਰਜ ਕਰਦੀ ਹੈ। ਮੌਜੂਦਾ ਤੌਰ ਤੇ, ਡਿਸਕਲੋਜ਼ਰ ਸਕਾਟਲੈਂਡ ਦੀ ਯੁਨਾਇਟਿਡ ਕਿੰਗਡਮ ਦੇ ਬਾਹਰ ਰੱਖੀ ਗਈ ਕ੍ਰਿਮਿਨਲ ਰਿਕਾਰਡ ਜਾਣਕਾਰੀ ਤੇ ਪਹੁੰਚ ਨਹੀਂ ਹੈ। ਸਕਾਟਿਸ਼ ਸਰਕਾਰ ਯੂਕੇ ਸਰਕਾਰ ਦੀ ਸਾਂਝਦਾਰੀ ਵਿੱਚ ਹੋਰਨਾਂ ਦੇਸ਼ਾਂ ਵਿੱਚ ਰੱਖੀ ਗਈ ਕ੍ਰਿਮਿਨਲ ਰਿਕਾਰਡ ਜਾਣਕਾਰੀ ਤੇ ਪਹੁੰਚ ਪ੍ਰਾਪਤ ਕਰਨ ਲਈ ਕੰਮ ਕਰ ਰਹੀ ਹੈ।

106. ਮਾਲਕ ਸੰਭਾਵੀ ਕਰਮਚਾਰੀਆਂ ਅਤੇ ਮੌਜੂਦਾ ਸਟਾਫ ਮੈਂਬਰਾਂ ਨੂੰ ਉਨ੍ਹਾਂ ਦੀ ਸਰਕਾਰ ਵੱਲੋਂ ਜਾਂ ਉਨ੍ਹਾਂ ਦੇ ਜਨਮ ਜਾਂ ਨਿਵਾਸੀ ਦੇਸ਼ ਵਿੱਚ ਇੱਕ ਢੁੱਕਵੀਂ ਸਰਕਾਰ/ਪੁਲਿਸ ਏਜੰਸੀ ਵੱਲੋਂ ਕ੍ਰਿਮਿਨਲ ਰਿਕਾਰਡ ਪ੍ਰਮਾਣ-ਪੱਤਰ ਪ੍ਰਦਾਨ ਕਰਨ ਲਈ ਆਖ ਸਕਦੇ ਹਨ, ਜੇ ਉਪਲਬਧ ਹੈ। ਇਸ ਸੇਵਾ ਦੀ ਉਪਲਬਧਤਾ ਬਾਰੇ ਹਿਦਾਇਤਾਂ ਇੰਗਲੈਂਡ ਦੀ CRB ਦੁਆਰਾ ਪ੍ਰਦਾਨ ਕੀਤੀਆਂ ਗਈਆਂ ਹਨ। ਇਸਨੂੰ ਵੈੱਬਸਾਈਟ www.crb.homeoffice.gov.uk ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

107. ਸਲਾਹ ਦਿੱਤੀ ਜਾਂਦੀ ਹੈ ਕਿ ਵਿਅਕਤੀ ਦੇ ਜੋਰ ਪਾਇਆ ਜਾਵੇ ਕਿ ਉਹ ਆਪਣੀ ਮਾਤਭੂਮੀ ਜਾਂ ਪਿਛਲੇ ਨਿਵਾਸੀ ਦੇਸ਼ ਜਾਂ ਦੇਸ਼ਾਂ ਤੋਂ ਅਪਰਾਧਕ ਦੋਸ਼ਸਿੱਧੀ ਇਤਿਹਾਸ ਦੇ ਵੇਰਵੇ ਪ੍ਰਦਾਨ ਕਰੇ। ਇਹ ਯਾਦ ਰੱਖਿਆ ਜਾਣਾ ਚਾਹੀਦਾ ਹੈ, ਕਿ ਹਾਲਾਂਕਿ ਇਨ੍ਹਾਂ ਦੀ ਸਬੰਧਤ ਭਾਸ਼ਾ ਤੋਂ ਅੰਗ੍ਰੇਜ਼ੀ ਵਿੱਚ ਅਨੁਵਾਦ ਕੀਤੇ ਜਾਣ ਦੀ ਮੰਗ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਵਿੱਚ ਅਜਿਹੇ ਅਪਰਾਧਾਂ ਦਾ ਵੇਰਵਾ ਹੋ ਸਕਦਾ ਹੈ ਜਿਨ੍ਹਾਂ ਵਿੱਚ ਸਕੋਟਸ ਕਨੂੰਨ ਦੇ ਮੁਤਾਬਕ ਪਰਤੱਖ ਬਰਾਬਰ ਦੇ ਜਾਂ ਇਸੇ ਤਰ੍ਹਾਂ ਦੇ ਅਪਰਾਧ ਸ਼ਾਮਲ ਨਾ ਹੋਣ। ਡਿਸਕਲੋਜ਼ਰ ਸਕਾਟਲੈਂਡ ਦੀ ਇਸ ਪ੍ਰਕਿਰਿਆ ਵਿੱਚ ਕੋਈ ਭੂਮਿਕਾ ਨਹੀਂ ਹੈ ਅਤੇ ਵਿਅਕਤੀ ਜਾਂ ਮਾਲਕ ਨੂੰ ਇੱਕ ਅਤਿਰਿਕਤ ਲਾਗਤ ਦਾ ਭੁਗਤਾਨ ਕਰਨਾ ਹੁੰਦਾ ਹੈ। CPNI ਵੈੱਬਸਾਈਟ ਤੇ ਕੁਝ ਵਿਦੇਸ਼ੀ ਦੇਸ਼ਾਂ ਬਾਰੇ ਲਾਭਕਾਰੀ ਜਾਣਕਾਰੀ ਉਪਲਬਧ ਹੈ।

# ਪ੍ਰਕਟੀਕਰਨ ਵਿੱਚ ਦਿੱਤੀ ਗਈ ਜਾਣਕਾਰੀ ਤੇ ਸੋਚ-ਵਿਚਾਰ

### ਪ੍ਰਕਟੀਕਰਨ ਜਾਣਕਾਰੀ ਤੇ ਸੋਚ-ਵਿਚਾਰ ਕਰਨ ਸਮੇਂ ਧਿਆਨ ਵਿੱਚ ਰੱਖੀਆਂ ਜਾਣ ਵਾਲੀਆਂ ਗੱਲਾਂ

108. ਨਿਯੁਕਤੀ ਕਰਨ ਵਾਲਿਆਂ ਜਾਂ ਮਾਲਕਾਂ ਨੂੰ ਨਿਮਨਲਿਖਤ ਗੱਲਾਂ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ:

- ਪ੍ਰਕਟੀਕਰਨ ਤੇ ਦਰਸ਼ਾਈ ਦੋਸ਼ਸਿੱਧੀ ਜਾਂ ਕੋਈ ਹੋਰ ਮਸਲਾ(ਲੇ) ਸਥਾਨ ਨਾਲ ਸਬੰਧਤ ਹਨ;
- ਕਿਸੇ ਤਰ੍ਹਾਂ ਦਾ ਅਪਰਾਧ ਜਾਂ ਕੋਈ ਹੋਰ ਮਸਲੇ ਦਾ ਖੁਲਾਸਾ ਹੋਇਆ ਹੋਵੇ;
- ਕੀ ਉਹ ਵਿਅਕਤੀ ਖਾਸ ਦੋਸ਼ਪੂਰਨ ਸਮੂਹਾਂ ਦੇ ਨਾਲ ਕੰਮ ਤੋਂ ਬਾਧਿਤ ਤਾਂ ਨਹੀਂ ਹੈ;
- ਅਪਰਾਧ ਜਾਂ ਕਿਸੇ ਹੋਰ ਮਸਲੇ ਦੇ ਬਾਅਦ ਤੋਂ ਬੀਤਿਆਂ ਸਮਾਂ;
- ਕੀ ਉਸ ਵਿਅਕਤੀ ਦੇ ਦਸਤਾਵੇਜ਼ ਉਸਦੇ ਅਪਰਾਧਕ ਵਿਹਾਰ ਜਾਂ ਕਿਸੇ ਹੋਰ ਮਸਲੇ ਨੂੰ ਦਰਸ਼ਾਉਂਦੇ ਹਨ; ਅਤੇ
- ਅਪਰਾਧਕ ਵਿਹਾਰ ਕਰਨ ਜਾਂ ਕਿਸੇ ਹੋਰ ਮਸਲੇ ਤੋਂ ਬਾਅਦ ਕੀ ਉਸ ਵਿਅਕਤੀ ਦੇ ਹਲਾਤ ਬਦਲ ਗਏ ਹਨ।

**109.** PVG ਸਕੀਮ ਦੇ ਸਬੰਧ ਵਿੱਚ, 2007 ਅਧਿਨਿਯਮ ਦੀ ਧਾਰਾ 34 ਉਸ ਵਿਅਕਤੀ ਦੇ ਕੰਮ ਕਰਨ, ਜਾਂ ਕੰਮ ਕਰਨ ਦੀ ਇੱਛਾ ਕਰਨ ਜਾਂ ਕੰਮ ਕਰਨ ਲਈ ਸਹਿਮਤ ਹੋਣ ਨੂੰ ਅਪਰਾਧ ਸਮਝਦੀ ਹੈ ਜੋ ਵਿਵਸਥਿਤ ਕੰਮ ਕਰਨ ਤੋਂ ਬਾਧਿਤ ਹੋਵੇ। ਇਸ ਤੋਂ ਇਲਾਵਾ, 2007 ਅਧਿਨਿਯਮ ਦੀ ਧਾਰਾ 35 ਕਿਸੇ ਸੰਸਥਾ ਦੁਆਰਾ ਅਜਿਹੇ ਵਿਅਕਤੀ ਨੂੰ ਵਿਵਸਥਿਤ ਕੰਮ ਦੀ ਪੇਸ਼ਕਸ਼ ਕਰਨ ਨੂੰ ਅਪਰਾਧ ਸਮਝਦੀ ਹੈ ਜੋ ਇਸ ਕੰਮ ਤੋਂ ਬਾਧਿਤ ਹੋਵੇ (ਜਿਵੇਂ 2007 ਅਧਿਨਿਯਮ ਵਿੱਚ ਦੱਸਿਆ ਗਿਆ ਹੈ ਜਿਸ ਵਿੱਚ ਕਾਰੋਬਾਰ ਦੇ ਕੋਰਸ ਵਿੱਚ ਕੰਮ ਕਰਦੇ ਵਿਅਕਤੀ ਸ਼ਾਮਲ ਹਨ)। ਦੀ ਪ੍ਰਾਟੈਕਸ਼ਨ ਆਫ ਵਲਨਰੇਬਲ ਗਰੁੱਪਸ (ਸਕਾਟਲੈਂਡ) ਐਕਟ 2007 (ਵਿਵਸਥਿਤ ਕੰਮ ਤੋਂ ਬਾਧਿਤ ਵਿਅਕਤੀਆਂ ਨੂੰ ਹਟਾਉਣਾ) ਰੇਗੁਲੇਸ਼ਨਸ 2010 (SSI 2010/244) ਵਿੱਚ ਦੱਸਿਆ ਗਿਆ ਹੈ ਕਿ ਜੇ ਕੋਈ ਸੰਸਥਾ, ਜਿਸ ਲਈ ਕੋਈ ਅਜਿਹਾ ਵਿਅਕਤੀ ਵਿਵਸਥਿਤ ਕੰਮ ਕਰ ਰਿਹਾ ਹੈ, ਜਿਸ ਬਾਰੇ 2007 ਅਧਿਨਿਯਮ ਦੇ ਤਹਿਤ ਦੱਸਿਆ ਗਿਆ ਹੈ ਕਿ ਵਿਅਕਤੀ ਨੂੰ ਬਾਧਿਤ ਕਰ ਦਿੱਤਾ ਗਿਆ ਹੈ, ਉਹ ਸੰਸਥਾ, ਉਸ ਵਿਅਕਤੀ ਨੂੰ ਵਿਵਸਥਿਤ ਕੰਮ ਕਰਨ ਦੀ ਇਜਾਜਤ ਨਹੀਂ ਦੇ ਸਕਦੀ ਅਤੇ ਉਸਨੂੰ ਉਸ ਵਿਅਕਤੀ ਨੂੰ ਉਸ ਵਿਵਸਥਿਤ ਕੰਮ ਤੋਂ ਨਿਕਾਲ ਦੇਣਾ ਚਾਹੀਦਾ ਹੈ। ਇਨ੍ਹਾਂ ਵਿਨਿਯਮਾਂ ਦੀ ਪਾਲਣਾ ਨਾ ਕਰਨਾ ਸੰਸਥਾ ਲਈ ਇੱਕ ਅਪਰਾਧ ਮੰਨਿਆ ਜਾਵੇਗਾ। ਇੱਕ ਬਾਧਿਤ ਵਿਅਕਤੀ ਉਸ ਵਿਵਸਥਿਤ ਕੰਮ ਦੇ ਸਬੰਧ ਵਿੱਚ, ਜਿਸ ਨਾਲ ਉਹ ਬਾਧਿਤ ਹੈ, PVG ਸਕੀਮ ਵਿੱਚ ਭਾਗ ਨਹੀਂ ਲੈ ਸਕਦਾ। ਜੇ ਵਿਅਕਤੀ ਬਾਧਿਤ ਨਹੀਂ ਹੈ, ਤਾਂ ਸੰਸਥਾ ਨੂੰ ਨਿਰਣਾ ਕਰਨਾ ਚਾਹੀਦਾ ਹੈ ਕਿ ਉਹ ਵਿਅਕਤੀ ਉਸ ਔਹਦੇ ਲਈ ਯੋਗ ਹੈ।

## ਪ੍ਰਕਟੀਕਰਨਾਂ ਦੀ ਵੈਧਤਾ ਤਾਰੀਖ

**110.** ਸਾਰੀ ਪ੍ਰਕਟੀਕਰਨ ਜਾਣਕਾਰੀ ਨੂੰ ਇਸ ਨਾਲ ਸਬੰਧਤ ਜਾਂਚਾਂ ਦੇ ਪੂਰੇ ਹੋਣ ਦੀ ਤਾਰੀਖ ਤਕ ਵਿਚਾਰਿਆ ਜਾਂਦਾ ਹੈ।

**111.** ਜੇ ਸੰਸਥਾ ਆਪਣੇ ਨਿਯੁਕਤੀ ਅਤੇ ਲਾਈਸੈਂਸ ਉਦੇਸ਼ਾਂ ਲਈ 1997 ਅਧਿਨਿਯਮ ਦੇ ਤਹਿਤ ਮਾਨਕ ਅਤੇ ਵਿਸਤਰਤ ਪ੍ਰਕਟੀਕਰਨਾਂ ਦੀ ਵਰਤੋਂ ਕਰਦੀ ਹੈ, ਤਾਂ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਹਰ ਨਵੀਂ ਨਿਯੁਕਤੀ ਲਈ ਜਾਂ ਕਿਸੇ ਵਿਅਕਤੀ ਦੇ ਦੂਜੇ ਔਹਦੇ ਤੇ ਚਲੇ ਜਾਣ ਤੇ ਇੱਕ ਨਵਾਂ ਪ੍ਰਕਟੀਕਰਨ ਪ੍ਰਾਪਤ ਕੀਤਾ ਜਾਵੇ।

**112.** PVG ਸਕੀਮ ਮੈਂਬਰ ਲਗਾਤਾਰ ਨਵੀਨੀਕਰਨ ਕਰਨ ਅਤੇ ਕੋਈ ਵੀ ਨਵੀਂ ਅਨੁਭਵੀ ਜਾਣਕਾਰੀ ਨੂੰ ਪ੍ਰਦਾਨ ਕਰਨ ਦੇ ਅਧੀਨ ਹਨ ਜੋ ਇਹ ਦਰਸ਼ਾਵੇ ਕਿ ਉਹ ਇਸ ਤਰ੍ਹਾਂ ਦੇ ਵਿਵਸਥਿਤ ਕੰਮ ਕਰਨ ਦੇ ਅਯੋਗ ਹਨ, ਉਸ ਤੇ ਡਿਸਕਲੋਜ਼ਰ ਸਕਾਟਲੈਂਡ ਵੱਲੋਂ ਕਾਰਵਾਈ ਕੀਤੀ ਜਾਵੇਗੀ। ਡਿਸਕਲੋਜ਼ਰ ਸਕਾਟਲੈਂਡ ਪੰਜੀਕ੍ਰਿਤ ਵਿਅਕਤੀਆਂ ਅਤੇ ਨਿਆਮਕ ਸੰਸਥਾਵਾਂ ਦਾ ਰਿਕਾਰਡ ਰੱਖੇਗਾ ਜਿਨ੍ਹਾਂ ਨੇ PVG ਪ੍ਰਕਟੀਕਰਨ ਅਰਜ਼ੀ ਜਾਂ ਬੇਨਤੀ ਤੇ ਕਾਉਂਟਰ-ਹਸਤਾਖਰ ਕਰਕੇ ਵਿਅਕਤੀ ਨੂੰ ਪੰਜੀਕ੍ਰਿਤ ਕੀਤਾ ਹੈ। ਜੇ ਵਿਅਕਤੀ ਨੂੰ ਕਿਸੇ ਨਵੀਂ ਅਨੁਭਵੀ ਜਾਣਕਾਰੀ ਤੋਂ ਬਾਅਦ (ਜਾਂ ਕਿਸੇ ਹੋਰ ਕਾਰਨ ਵਜੋਂ) ਬਾਧਿਤ ਸੂਚੀ ਲਈ ਵਿਚਾਰ ਦੇ ਅਧੀਨ ਰੱਖਿਆ ਜਾਂਦਾ ਹੈ, ਤਾਂ ਸਾਰੀਆਂ ਰੁਚੀਕਰ ਸੰਸਥਾਵਾਂ ਨੂੰ ਇਸ ਬਾਰੇ ਸੂਚਿਤ ਕੀਤਾ ਜਾਵੇਗਾ। ਇਸਦਾ ਮਤਲਬ ਹੈ ਕਿ ਅਜਿਹੀਆਂ ਸੰਸਥਾਵਾਂ ਨੂੰ PVG ਸਕੀਮ ਮੈਂਬਰਾ ਦੀਆਂ ਆਵਧਿਕ ਮੁੜ-ਜਾਂਚਾਂ ਕਰਨ ਦੀ ਕੋਈ ਲੋੜ ਨਹੀਂ ਹੈ। ਕੁਝ ਸੰਸਥਾਵਾਂ ਇਹ ਯਕੀਨੀ ਬਣਾਉਣ ਲਈ ਸਕੀਮ ਰਿਕਾਰਡ ਨਵੀਨੀਕਰਨਾਂ ਦੀ ਵਰਤੋਂ ਕਰ ਸਕਦੀਆਂ ਹਨ ਕਿ ਅਜਿਹੀ ਕੋਈ ਨਵੀਂ ਅਨੁਭਵੀ ਜਾਣਕਾਰੀ ਹੋਂਦ ਵਿੱਚ ਨਹੀਂ ਆਈ ਹੈ ਜੋ, ਭਾਵੇਂ ਇਸਦੀ ਆਮ ਤੌਰ ਤੇ ਦੋਸ਼ਪੂਰਨ ਸਮੂਹਾਂ ਦੇ ਨਾਲ ਕੰਮ ਕਰਨ ਲਈ ਅਯੋਗਤਾ ਤੇ ਕੋਈ ਬਾਧਤਾ ਨਹੀਂ ਹੈ, ਉਸ ਖਾਸ ਔਹਦੇ ਨਾਲ ਸਬੰਧਤ ਹੋ ਸਕਦੀ ਹੈ (ਜਿਵੇਂ ਉਨ੍ਹਾਂ ਵਿਅਕਤੀਆਂ ਲਈ ਡ੍ਰਾਈਵਿੰਗ ਦੋਸ਼ਸਿੱਧੀਆਂ ਜਿਨ੍ਹਾਂ ਦੀ ਭੂਮਿਕਾ ਵਿੱਚ ਬੱਚਿਆਂ ਜਾਂ ਰੱਖਿਅਤ ਵਿਅਸਕਾਂ ਨੂੰ ਡ੍ਰਾਈਵਿੰਗ ਸਿਖਾਉਣਾ ਹੈ)।

## ਵਾਦ-ਵਿਵਾਦ

**113.** ਪ੍ਰਕਟੀਕਰਨ ਦਾ ਕਰਤਾ ਡਿਸਕਲੋਜ਼ਰ ਸਕਾਟਲੈਂਡ ਨਾਲ ਵਾਦ-ਵਿਵਾਦ ਖੜ੍ਹਾ ਕਰ ਸਕਦਾ ਹੈ ਜੇ ਉਸਨੂੰ ਲਗਦਾ ਹੈ ਕਿ ਇਸ ਵਿੱਚ ਕੋਈ ਅਸਟੀਕ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਜੇ ਡਿਸਕਲੋਜ਼ਰ ਸਕਾਟਲੈਂਡ ਜਾਂਚ-ਪੜਤਾਲ ਤੋਂ ਬਾਅਦ ਸੰਤੁਸ਼ਟ ਹੈ, ਕਿ ਅਸਲੀ ਪ੍ਰਕਟੀਕਰਨ ਵਿੱਚ ਅਸਟੀਕ ਜਾਣਕਾਰੀ ਸ਼ਾਮਲ ਹੈ ਤਾਂ ਉਹ ਨਵਾਂ ਪ੍ਰਕਟੀਕਰਨ ਜਾਰੀ ਕਰਣਗੇ। ਕਿਸੇ ਵੀ ਮੁੜ-ਜਾਰੀ ਕੀਤੇ ਮਾਨਕ ਜਾਂ ਵਿਸਤਰਤ ਪ੍ਰਕਟੀਕਰਨ ਜਾਂ PVG ਪ੍ਰਕਟੀਕਰਨ ਰਿਕਾਰਡ ਦੀ ਕਾਪੀ ਉਸ ਵਿਅਕਤੀ ਨੂੰ ਦਿੱਤੀ ਜਾਵੇਗੀ ਜੋ ਅਰਜ਼ੀ ਜਾਂ ਬੇਨਤੀ ਤੇ ਕਾਉਂਟਰ- ਹਸਤਾਖਰ ਕਰਦਾ ਹੈ। ਵਾਦ-ਵਿਵਾਦਾਂ/ਅਪੀਲ ਪ੍ਰਕਿਰਿਆ ਦੇ ਵੇਰੇਵੇ ਡਿਸਕਲੋਜ਼ਰ ਸਕਾਟਲੈਂਡ ਦੀ ਵੈੱਬਸਾਈਟ www.disclosurescotland.co.uk ਤੇ ਉਪਲਬਧ ਹਨ।

# ਪੰਜੀਕਰਨ ਦੀ ਸਮਾਪਤੀ

## ਰਜਿਸਟਰ ਤੋਂ ਹਟਾਏ ਜਾਣ ਲਈ ਪੰਜੀਕ੍ਰਿਤ ਵਿਅਕਤੀ ਜਾਂ ਕਾਉਂਟਰ ਹਸਤਾਖਰਕਰਤਾ ਵੱਲੋਂ ਬੇਨਤੀ

**114.** ਪੰਜੀਕ੍ਰਿਤ ਵਿਅਕਤੀ (ਜੋ ਵਪਾਰ ਦੇ ਕੋਰਸ ਵਿੱਚ ਹੋਰਾਂ ਵਿੱਚ ਕੰਮ ਕਰਨ ਵਾਲਾ ਵਿਅਕਤੀ ਹੈ) ਜੋ ਸਮਝਦਾ ਹੈ ਕਿ ਉਨ੍ਹਾਂ ਦੀ ਹੋਰ ਸਮੇਂ ਤਕ ਮਾਨਕ ਜਾਂ ਵਿਸਤਰਤ ਪ੍ਰਕਟੀਕਰਨ ਲਈ ਕਾਉਂਟਰ-ਹਸਤਾਖਰ ਅਰਜ਼ੀਆਂ ਦੀ ਜਾਂ PVG ਪ੍ਰਕਟੀਕਰਨਾਂ ਦੀਆਂ ਬੇਨਤੀਆਂ ਦੇ ਸਬੰਧ ਵਿੱਚ ਘੋਸ਼ਣਾਵਾਂ ਕਰਨ ਦੀ ਸੰਭਾਵਨਾ ਨਹੀਂ ਹੈ ਅਤੇ ਇਨ੍ਹਾਂ ਨੂੰ ਰਜਿਸਟਰ ਤੋਂ ਹਟਾਏ ਜਾਣ ਲਈ ਪੁਛਿਆ ਜਾਣਾ ਚਾਹੀਦਾ ਹੈ। ਕਿਸੇ ਵੀ ਅਜਿਹੀ ਬੇਨਤੀ ਨੂੰ ਡਿਸਕਲੋਜ਼ਰ ਰਜਿਸਟ੍ਰੇਸ਼ਨ ਮੋਡੀਫਿਕੇਸ਼ਨ ਫਾਰਮ ਦੇ ਢੁੱਕਵੇਂ ਹਿੱਸਿਆਂ ਨੂੰ ਪੂਰਾ ਕਰਨ, ਜਾਂ ਪੂਰੇ ਕੀਤੇ ਫਾਰਮ ਨੂੰ ਡਿਸਕਲੋਜ਼ਰ ਸਕਾਟਲੈਂਡ ਨੂੰ ਜਮਾਂ ਕਰਾਉਣ ਦੁਆਰਾ ਕੀਤਾ ਜਾਣਾ ਚਾਹੀਦਾ ਹੈ। ਇਸ ਬੇਨਤੀ ਦੀ ਕੋਸ਼ਿਸ਼ ਨੂੰ ਇਸ ਦੀ ਅਖੰਡਤਾ ਵਿੱਚ ਪੰਜੀਕਰਨ ਨੂੰ ਖਤਮ ਕਰਨ ਲਈ ਕੀਤਾ ਜਾਵੇਗਾ।

**115.** ਉਨ੍ਹਾਂ ਪੰਜੀਕ੍ਰਿਤ ਵਿਅਕਤੀਆਂ ਲਈ ਜੋ ਸੰਸਥਾ ਕਾਰਪੋਰੇਟ ਜਾਂ ਗੈਰ-ਨਿਗਮਤ, ਜਾਂ ਕਨੂੰਨੀ ਦਫਤਰ-ਅਧਿਕਾਰੀ ਹਨ, ਰਜਿਸਟਰ ਤੋਂ ਹਟਾਉਣ ਲਈ ਨਿਵੇਦਨ ਨੂੰ ਡਿਸਕਲੋਜ਼ਰ ਰਜਿਸਟ੍ਰੇਸ਼ਨ ਮੋਡੀਫਿਕੇਸ਼ਨ ਫਾਰਮ ਦੇ ਢੁੱਕਵੇਂ ਹਿੱਸਿਆਂ ਨੂੰ ਪੂਰਾ ਕਰਨ ਦੁਆਰਾ ਕੀਤਾ ਜਾਣਾ ਚਾਹੀਦਾ ਹੈ। ਫਾਰਮ ਤੇ ਮੁੱਖ ਹਸਤਾਖਰਕਰਤਾ ਦੁਆਰਾ ਢੁੱਕਵੀਂ ਥਾਂ ਤੇ ਹਸਤਾਖਰ ਕੀਤੇ ਜਾਣੇ ਲਾਜ਼ਮੀ ਹਨ। ਇਸ ਬੇਨਤੀ ਦੀ ਕੋਸ਼ਿਸ਼ ਨੂੰ ਇਸ ਦੀ ਅਖੰਡਤਾ ਵਿੱਚ ਪੰਜੀਕਰਨ ਨੂੰ ਖਤਮ ਕਰਨ ਲਈ ਕੀਤਾ ਜਾਵੇਗਾ।

**116.** ਸੁਤੰਤਰ ਤੌਰ ਤੇ, ਕਾਉਂਟਰ-ਹਸਤਾਖਰਕਰਤਾ ਰਜਿਸਟਰ ਤੋਂ ਹਟਾਉਣ ਲਈ ਨਿਵੇਦਨ ਕਰ ਸਕਦਾ ਹੈ। ਇਸ ਨਿਵੇਦਨ ਤੇ ਮੁੱਖ ਹਸਤਾਖਰਕਰਤਾ ਦੁਆਰਾ ਕਾਉਂਟਰ-ਹਸਤਾਖਰ ਕੀਤੇ ਜਾਣੇ ਚਾਹੀਦੇ ਹਨ ਅਤੇ ਇਸਦੇ ਪ੍ਰਭਾਵ ਕਰਕੇ ਭਵਿੱਖ ਵਿੱਚ ਉਸ ਪੰਜੀਕ੍ਰਿਤ ਸੰਸਥਾ ਵੱਲੋਂ ਕਾਰਵਾਈ ਕਰਨ ਲਈ ਕਾਉਂਟਰ-ਹਸਤਾਖਰਕਰਤਾ ਦੀ ਯੋਗਤਾ ਖ਼ਤਮ ਹੋ ਜਾਵੇਗੀ।

## ਪ੍ਰਕਟੀਕਰਨ ਸਕਾਟਲੈਂਡ ਦੁਆਰਾ ਪੰਜੀਕ੍ਰਿਤ ਵਿਅਕਤੀ ਦਾ ਨਾਂ ਰਜਿਸਟਰ ਵਿੱਚੋਂ ਕੱਟਣਾ

**117.** ਡਿਸਕਲੋਜ਼ਰ ਸਕਾਟਲੈਂਡ ਉਸ ਕਿਸੇ ਵੀ ਵਿਅਕਤੀ ਨੂੰ ਰਜਿਸਟਰ ਵਿੱਚੋਂ ਹਟਾ ਸਕਦਾ ਹੈ ਜੋ, ਡਿਸਕਲੋਜ਼ਰ ਸਕਾਟਲੈਂਡ ਦੀ ਮੱਤ ਵਿੱਚ, ਸੰਭਾਵੀ ਤੌਰ ਤੇ ਹੋਰ ਸਮੇਂ ਤਕ ਮਾਨਕ ਜਾਂ ਵਿਸਤਰਤ ਪ੍ਰਕਟੀਕਰਨ ਲਈ ਕਾਉਂਟਰ-ਹਸਤਾਖਰ ਅਰਜ਼ੀਆਂ ਦੀ ਜਾਂ PVG ਪ੍ਰਕਟੀਕਰਨਾਂ ਦੀਆਂ ਬੇਨਤੀਆਂ ਦੇ ਸਬੰਧ ਵਿੱਚ ਘੋਸ਼ਣਾਵਾਂ ਕਰਨ ਦੀ ਇੱਛਾ ਨਹੀਂ ਰੱਖਦਾ ਹੈ। ਕਿਸੇ ਵਿਅਕਤੀ ਨੂੰ ਰਜਿਸਟਰ ਵਿੱਚੋਂ ਹਟਾਉਣ ਤੋਂ ਪਹਿਲਾਂ, ਡਿਸਕਲੋਜ਼ਰ ਸਕਾਟਲੈਂਡ ਦਾ ਲਿੱਖਤ ਵਿੱਚ ਉਸ ਵਿਅਕਤੀ ਨੂੰ ਇਹ ਸੂਚਿਤ ਕਰਨਾ ਅਤੇ ਉਸ ਰਾਏ ਦੇ ਕਾਰਨਾਂ ਨੂੰ ਸੂਚਿਤ ਕਰਨਾ ਲਾਜ਼ਮੀ ਹੈ ਅਤੇ ਉਨ੍ਹਾਂ ਦਾ ਪ੍ਰਸਤੁਤੀਕਰਨ ਕਰਨ ਲਈ ਅਧਿਕਾਰਤ ਵਿਅਕਤੀ ਨੂੰ ਸੂਚਿਤ ਕਰਨਾ ਲਾਜ਼ਮੀ ਹੈ।

**118.** ਉਹ ਵਿਅਕਤੀ ਜਿਸ ਨੂੰ ਇਹ ਸੂਚਿਤ ਕੀਤਾ ਗਿਆ ਹੈ, ਅਜਿਹੇ ਨੋਟਿਸ ਦੀ ਪ੍ਰਾਪਤੀ ਦੇ 28 ਦਿਨਾਂ ਦੇ ਅੰਦਰ, ਡਿਸਕਲੋਜ਼ਰ ਸਕਾਟਲੈਂਡ ਨੂੰ ਲਿੱਖਤ ਵਿੱਚ ਪ੍ਰਸਤੁਤੀਕਰਨ ਕਰ ਸਕਦਾ ਹੈ ਕਿ ਉਸ ਵਿਅਕਤੀ ਨੂੰ ਰਜਿਸਟਰ ਵਿੱਚੋਂ ਕਿਉਂ ਨਹੀਂ ਹਟਾਇਆ ਜਾਣਾ ਚਾਹੀਦਾ ਹੈ ਅਤੇ ਡਿਸਕਲੋਜ਼ਰ ਸਕਾਟਲੈਂਡ ਦਾ ਅਜਿਹੀ ਕਿਸੇ ਵੀ ਪ੍ਰਸਤੁਤੀਕਰਨ ਤੇ ਵਿਚਾਰ ਕੀਤਾ ਜਾਣਾ ਲਾਜ਼ਮੀ ਹੈ।

**119.** ਇਨ੍ਹਾਂ ਪ੍ਰਸਤੁਤੀਕਰਨਾਂ ਤੇ ਵਿਚਾਰ ਕਰਨ ਤੋਂ ਬਾਅਦ, ਡਿਸਕਲੋਜ਼ਰ ਸਕਾਟਲੈਂਡ ਦਾ ਪੰਜੀਕ੍ਰਿਤ ਵਿਅਕਤੀ ਨੂੰ ਇਹ ਸੂਚਿਤ ਕਰਨਾ ਲਾਜ਼ਮੀ ਹੈ:

- ਕਿ ਉਨ੍ਹਾਂ ਦੀ ਰਾਏ ਇਹ ਹੈ ਕਿ ਉਹ ਵਿਅਕਤੀ ਅਸੰਭਾਵੀ ਤੌਰ ਤੇ ਹੋਰ ਸਮੇਂ ਤਕ ਮਾਨਕ ਜਾਂ ਵਿਸਤਰਤ ਪ੍ਰਕਟੀਕਰਨ ਲਈ ਕਾਉਂਟਰ-ਹਸਤਾਖਰ ਅਰਜ਼ੀਆਂ ਦੀ ਜਾਂ PVG ਪ੍ਰਕਟੀਕਰਨਾਂ ਦੀਆਂ ਬੇਨਤੀਆਂ ਅਤੇ ਉਸ ਰਾਏ ਲਈ ਕਾਰਨਾਂ ਦੇ ਸਬੰਧ ਵਿੱਚ ਘੋਸ਼ਣਾਵਾਂ ਕਰਨ ਦੀ ਇੱਛਾ ਨਹੀਂ ਕਰਦਾ ਹੈ ਅਤੇ ਇਹ ਕਿ ਉਸ ਵਿਅਕਤੀ ਨੂੰ ਅਗਲੀ 28 ਦਿਨਾਂ ਦੀ ਅਵਧੀ ਦੇ ਅੰਤ ਤੇ ਰਜਿਸਟਰ ਵਿੱਚੋਂ ਹਟਾ ਦਿੱਤਾ ਜਾਵੇਗਾ; ਜਾਂ

- ਕਿ ਉਹ ਕੋਈ ਵੀ ਅੱਗੇ ਦੀ ਕਾਰਵਾਈ ਕਰਨ ਲਈ ਪ੍ਰਸਤਾਵ ਨਹੀਂ ਦਿੰਦੇ ਹਨ।

**120.** ਜੇ 28 ਦਿਨਾਂ ਦੇ ਅੰਦਰ ਕਿਸੇ ਵੀ ਪ੍ਰਸਤੁਤੀਕਰਨ ਨੂੰ ਪ੍ਰਾਪਤ ਨਹੀਂ ਕੀਤਾ ਜਾਂਦਾ ਹੈ, ਤਾਂ ਡਿਸਕਲੋਜ਼ਰ ਸਕਾਟਲੈਂਡ ਉਸ ਅਵਧੀ ਦੇ ਅੰਤ ਤੇ ਵਿਅਕਤੀ ਨੂੰ ਰਜਿਸਟਰ ਵਿੱਚੋਂ ਹਟਾ ਸਕਦਾ ਹੈ। ਉਹ ਵਿਅਕਤੀ 28 ਦਿਨਾਂ ਦੀ ਅਵਧੀ ਤੋਂ ਬਾਅਦ[13] ਕਿਸੇ ਵੀ ਸਮੇਂ ਤੇ ਢੁੱਕਵੀਂ ਫੀਸ ਦੇ ਭੁਗਤਾਨ ਤੇ, ਜੇ ਲੋੜ ਹੋਵੇ, ਰਜਿਸਟਰ ਵਿੱਚ ਮੁੜ ਸ਼ਾਮਲ ਹੋਣ ਲਈ ਅਰਜੀ ਦੇ ਸਕਦਾ ਹੈ।

**121.** ਜਿੱਥੇ ਡਿਸਕਲੋਜ਼ਰ ਸਕਾਟਲੈਂਡ ਨੂੰ ਮਾਨਕ ਜਾਂ ਵਿਸਤਰਤ ਪ੍ਰਕਟੀਕਰਨ ਲਈ ਕਾਉਂਟਰ-ਹਸਤਾਖਰ ਅਰਜ਼ੀਆਂ ਦੇ ਜਾਂ PVG ਪ੍ਰਕਟੀਕਰਨਾਂ ਦੀਆਂ ਬੇਨਤੀਆਂ ਦੇ ਸਬੰਧ ਵਿੱਚ ਘੋਸ਼ਣਾਵਾਂ ਕਰਨ ਦੇ ਮਾਮਲੇ ਵਿੱਚ, ਪੰਜੀਕ੍ਰਿਤ ਵਿਅਕਤੀ (ਪੰਜੀਕ੍ਰਿਤ ਸੰਸਥਾ ਤੋਂ ਇਲਾਵਾ) ਜਾਂ ਉਨ੍ਹਾਂ ਦੁਆਰਾ ਨਾਮਜ਼ਦ ਕੀਤੇ ਵਿਅਕਤੀ ਦੇ ਮਾਮਲੇ ਵਿੱਚ ਇਹ ਸੰਤੁਸ਼ਟੀ ਹੋ ਜਾਂਦੀ ਹੈ, ਕਿ ਉਹ ਵਿਅਕਤੀ ਮਰ ਗਿਆ ਹੈ ਜਾਂ ਉਹ ਕਿਸੇ ਹੋਰ ਕਾਰਨ ਤੋਂ ਅਯੋਗ ਹੈ, ਤਾਂ ਫੇਰ ਉਨ੍ਹਾਂ ਨੂੰ ਉੱਪਰ ਵਿਆਖਿਆ ਕੀਤੀ ਪ੍ਰਕਿਰਿਆ ਦੀ ਪਾਲਣਾ ਕਰਨ ਦੀ ਲੋੜ ਨਹੀਂ ਹੁੰਦੀ ਹੈ ਅਤੇ ਇਹ ਵਿਅਕਤੀ ਨੂੰ ਰਜਿਸਟਰ ਤੋਂ ਹਟਾ ਸਕਦੇ ਹਨ।

---

[13] ਇਸ ਲਈ ਪ੍ਰਦਾਨ ਕੀਤਾ ਪੁਲਿਸ ਅਧਿਨਿਯਮ 1997 (ਕ੍ਰਿਮਿਨਲ ਰਿਕਾਰਡਸ)(ਰਜਿਸਟ੍ਰੇਸ਼ਨ)(ਸਕਾਟਲੈਂਡ) ਰੈਗੁਲੇਸ਼ਨਸ 2010 ਦਾ ਵਿਨਿਯਮ 11(1)

## ਪ੍ਰਕਟੀਕਰਨ ਜਾਣਕਾਰੀ ਤੋਂ ਪਹੁੰਚ ਪ੍ਰਾਪਤ ਕਰਨ ਲਈ ਅਯੋਗ ਸਮਝੇ ਜਾਣ ਵਾਲੇ ਵਿਅਕਤੀ

**122.** 1997 ਐਕਟ ਦੀ ਧਾਰਾ 120A ਦੇ ਤਹਿਤ, ਡਿਸਕਲੋਜ਼ਰ ਸਕਾਟਲੈਂਡ 1997 ਐਕਟ ਦੀ ਧਾਰਾ 120 ਦੇ ਤਹਿਤ ਰੱਖੇ ਗਏ ਰਜਿਸਟਰ ਵਿੱਚ ਸ਼ਾਮਲ ਕਰਨ ਲਈ ਮਨਾ ਕਰ ਸਕਦਾ ਹੈ, ਜਾਂ ਇਸ ਵਿੱਚੋਂ ਵਿਅਕਤੀ ਨੂੰ ਹਟਾ ਸਕਦਾ ਹੈ ਜੇ, ਡਿਸਕਲੋਜ਼ਰ ਸਕਾਟਲੈਂਡ ਦੀ ਰਾਏ ਵਿੱਚ, ਉਸ ਵਿਅਕਤੀ ਦੇ ਪੰਜੀਕਰਨ ਦੀ ਉਸ ਵਿਅਕਤੀ ਲਈ (ਜਾਂ ਜੇ ਜਾਣਕਾਰੀ ਉਸ ਵਿਅਕਤੀ ਲਈ ਉਪਲੱਬਧ ਹੈ) ਜਾਣਕਾਰੀ ਉਪਲੱਬਧ ਕਰਨ ਲਈ ਇਸ ਨੂੰ ਸੰਭਵ ਬਣਾਉਣ ਦੀ ਸੰਭਾਵਨਾ ਹੁੰਦੀ ਹੈ ਜੋ ਜਾਣਕਾਰੀ ਤੇ ਪਹੁੰਚ ਪ੍ਰਾਪਤ ਕਰਨ ਲਈ ਢੁੱਕਵਾਂ ਵਿਅਕਤੀ ਨਹੀਂ ਹੈ। ਉਸ ਵੇਲੇ ਜਦੋਂ ਪੰਜੀਕਰਨ ਦੀ ਮਨਾਹੀ ਕੀਤੀ ਜਾਂਦੀ ਹੈ ਜਾਂ ਇਸ ਨੂੰ ਰੱਦ ਕੀਤਾ ਜਾਂਦਾ ਹੈ, ਪਾਲਣਾ ਕੀਤੇ ਜਾਣ ਵਾਲੀ ਪ੍ਰਕਿਰਿਆ ਨੂੰ ਵਿਨਿਯਮ 6[14] ਤੇ ਰਜਿਸਟ੍ਰੇਸ਼ਨ ਰੇਗੁਲੇਸ਼ਨਸ ਵਿੱਚ ਵਿਅਕਤ ਕੀਤਾ ਜਾਂਦਾ ਹੈ।

**123.** ਉਹ ਵਿਅਕਤੀ, ਜਿਸ ਨੂੰ ਰਜਿਸਟ੍ਰੇਸ਼ਨ ਰੈਗੁਲੇਸ਼ਨਸ ਵਿੱਚ ਵਿਅਕਤ ਕੀਤੇ ਜਾਣ ਦੇ ਤੌਰ ਤੇ ਸੂਚਿਤ ਕੀਤਾ ਗਿਆ ਹੈ, ਅਜਿਹੇ ਨੋਟਿਸ ਦੀ ਪ੍ਰਾਪਤੀ ਦੇ 28 ਦਿਨਾਂ ਦੇ ਅੰਦਰ, ਡਿਸਕਲੋਜ਼ਰ ਸਕਾਟਲੈਂਡ ਨੂੰ ਲਿੱਖਤ ਵਿੱਚ ਪ੍ਰਸਤੁਤੀਕਰਨ ਕਰ ਸਕਦਾ ਹੈ ਕਿ ਡਿਸਕਲੋਜ਼ਰ ਸਕਾਟਲੈਂਡ ਨੂੰ ਰਜਿਸਟਰ ਵਿੱਚ ਉਸ ਵਿਅਕਤੀ ਨੂੰ ਸ਼ਾਮਲ ਕਰਨ ਲਈ ਕਿਉਂ ਨਹੀਂ ਮਨਾ ਕਰਨਾ ਚਾਹੀਦਾ ਹੈ ਜਾਂ ਇਸ ਵਿੱਚੋਂ ਉਸ ਵਿਅਕਤੀ ਨੂੰ ਕਿਉਂ ਨਹੀਂ ਹਟਾਉਣਾ ਚਾਹੀਦਾ ਹੈ। ਡਿਸਕਲੋਜ਼ਰ ਸਕਾਟਲੈਂਡ ਅਜਿਹੇ ਕਿਸੇ ਵੀ ਪ੍ਰਸਤੁਤੀਕਰਨ ਤੇ ਵਿਚਾਰ ਕਰੇਗਾ।

**124.** ਇਨ੍ਹਾਂ ਪ੍ਰਸਤੁਤੀਕਰਨਾਂ ਤੇ ਵਿਚਾਰ ਕਰਨ ਤੋਂ ਬਾਅਦ, ਡਿਸਕਲੋਜ਼ਰ ਸਕਾਟਲੈਂਡ ਉਸ ਵਿਅਕਤੀ ਨੂੰ ਸੂਚਿਤ ਕਰੇਗੀ:

- ਕਿ ਉਨ੍ਹਾਂ ਦੀ ਰਾਏ ਇਹ ਹੈ ਕਿ ਉਨ੍ਹਾਂ ਨੂੰ ਰਜਿਸਟਰ ਵਿੱਚ ਉਸ ਵਿਅਕਤੀ ਨੂੰ ਸ਼ਾਮਲ ਕਰਨ ਲਈ ਮਨਾਹੀ ਕਰਨੀ ਚਾਹੀਦੀ ਹੈ, ਜਾਂ ਇਸ ਵਿੱਚੋਂ ਉਸ ਵਿਅਕਤੀ ਨੂੰ ਹਟਾਉਣਾ ਚਾਹੀਦਾ ਹੈ ਅਤੇ ਉਸ ਰਾਏ ਲਈ ਕਾਰਨ; ਜਾਂ
- ਕਿ ਉਹ ਰਜਿਸਟਰ ਵਿੱਚ ਉਸ ਵਿਅਕਤੀ ਨੂੰ ਸ਼ਾਮਲ ਕਰਨ ਲਈ ਮਨਾ ਕਰਨ ਦਾ, ਜਾਂ ਇਸ ਵਿੱਚੋਂ ਉਸ ਵਿਅਕਤੀ ਨੂੰ ਹਟਾਉਣ ਦਾ ਪ੍ਰਸਤਾਵ ਨਹੀਂ ਦਿੰਦੇ ਹਨ।

**125.** ਜੇ 28 ਦਿਨਾਂ ਦੇ ਅੰਦਰ ਕਿਸੇ ਵੀ ਪ੍ਰਸਤੁਤੀਕਰਨ ਨੂੰ ਪ੍ਰਾਪਤ ਨਹੀਂ ਕੀਤਾ ਜਾਂਦਾ ਹੈ, ਤਾਂ ਡਿਸਕਲੋਜ਼ਰ ਸਕਾਟਲੈਂਡ ਉਸ ਅਵਧੀ ਦੇ ਅੰਤ ਤੇ ਉਸ ਵਿਅਕਤੀ ਨੂੰ ਰਜਿਸਟਰ ਵਿੱਚ ਸ਼ਾਮਲ ਕਰਨ ਤੋਂ ਮਨਾ ਕਰਨ ਲਈ, ਜਾਂ ਇਸ ਵਿੱਚੋਂ ਉਸ ਵਿਅਕਤੀ ਨੂੰ ਹਟਾਉਣ ਲਈ ਕਾਰਵਾਈ ਕਰ ਸਕਦਾ ਹੈ।

**126.** ਜੇ ਪ੍ਰਸਤੁਤੀਕਰਨਾਂ ਨੂੰ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਡਿਸਕਲੋਜ਼ਰ ਸਕਾਟਲੈਂਡ ਰਜਿਸਟਰ ਵਿੱਚ ਉਸ ਵਿਅਕਤੀ ਨੂੰ ਸ਼ਾਮਲ ਕਰਨ ਤੋਂ ਮਨਾਹੀ ਕਰਨ, ਜਾਂ ਉਸ ਵਿਅਕਤੀ ਨੂੰ ਹਟਾਉਣ ਦਾ ਫੈਸਲਾ ਕਰਦਾ ਹੈ, ਤਾਂ ਉਹ ਅਵਧੀ, ਜਿਸ ਦੇ ਅੰਦਰ ਫੈਸਲੇ ਨੂੰ ਲਾਗੂ ਕੀਤਾ ਜਾਣਾ ਹੈ, ਉਨ੍ਹਾਂ ਦਾ ਪ੍ਰਸਤੁਤੀਕਰਨਾਂ ਦੇ ਡਿਸਕਲੋਜ਼ਰ ਸਕਾਟਲੈਂਡ ਦੇ ਵਿਚਾਰਾਂ ਦੇ ਸਿੱਟਿਆਂ ਦੀ ਸੂਚਨਾ ਦੀ ਪ੍ਰਾਪਤੀ ਦੇ ਦਿਨ ਦੇ ਅੰਦਰ ਸ਼ੁਰੂ ਕਰਦੇ ਹੋਏ 28 ਦਿਨਾਂ ਦੀ ਅਗਲੀ ਅਵਧੀ ਦਾ ਅੰਤ ਹੈ।

**127.** ਕੋਈ ਵੀ ਵਿਅਕਤੀ ਰਜਿਸਟਰ ਵਿੱਚ ਸ਼ਾਮਲ ਕਰਨ ਦੀ ਭਾਲ ਨਹੀਂ ਕਰ ਸਕਦਾ ਹੈ ਜੇ ਡਿਸਕਲੋਜ਼ਰ ਸਕਾਟਲੈਂਡ ਨੇ, ਉਸ ਮਿਤੀ ਤੋਂ ਦੋ ਸਾਲ ਪਹਿਲਾਂ ਦੀ ਅਵਧੀ ਦੇ ਅੰਦਰ ਜਿਸ ਤੇ ਅਰਜੀ ਨੂੰ ਉਨ੍ਹਾਂ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ, ਉਸ ਜਾਣਕਾਰੀ ਦੇ ਅਧਾਰ ਤੇ ਰਜਿਸਟਰ ਵਿੱਚ ਉਸ ਵਿਅਕਤੀ ਨੂੰ ਸ਼ਾਮਲ ਕਰਨ ਲਈ ਮਨਾਹੀ ਕੀਤੀ ਹੈ ਜਾਂ ਇਸ ਵਿੱਚੋਂ ਉਸ ਵਿਅਕਤੀ ਨੂੰ ਹਟਾਇਆ ਹੈ ਜੋ ਉਸ ਵਿਅਕਤੀ ਨੂੰ ਉਪਲੱਬਧ ਕਰਾਈ ਜਾ ਸਕਦੀ ਸੀ ਜਾਂ ਉਪਲੱਬਧ ਕਰਾਈ ਗਈ ਸੀ ਜੋ ਜਾਣਕਾਰੀ ਦਾ ਪ੍ਰਕਟੀਕਰਨ ਕਰਨ ਲਈ ਪਹੁੰਚ ਪ੍ਰਾਪਤ ਕਰਨ ਲਈ ਢੁੱਕਵਾਂ ਵਿਅਕਤੀ ਨਹੀਂ ਸੀ।

**128.** ਰਜਿਸਟ੍ਰੇਸ਼ਨ ਰੈਗੁਲੇਸ਼ਨਸ ਦੇ ਵਿਨਿਯਮ 4(3) ਦੇ ਤਹਿਤ, ਡਿਸਕਲੋਜ਼ਰ ਸਕਾਟਲੈਂਡ ਕਾਊਂਟਰ-ਹਸਤਾਖਰਕਰਤਾ ਦੇ ਤੌਰ ਤੇ ਵਿਅਕਤੀ ਦੀ ਨਾਮਜ਼ਦਗੀ ਨੂੰ ਸਵੀਕਾਰ ਕਰਨ ਤੋਂ, ਜਾਂ ਇਸ ਨੂੰ ਸਵੀਕਾਰ ਕਰਨ ਨੂੰ ਜਾਰੀ ਰੱਖਣ ਤੋਂ ਮਨਾ ਕਰ ਸਕਦਾ ਹੈ ਜੇ ਡਿਸਕਲੋਜ਼ਰ ਸਕਾਟਲੈਂਡ ਦੀ ਰਾਏ ਵਿੱਚ, ਉਹ ਵਿਅਕਤੀ ਉਸ ਜਾਣਕਾਰੀ ਤੇ ਪਹੁੰਚ ਪ੍ਰਾਪਤ ਕਰਨ ਲਈ ਢੁੱਕਵਾਂ ਵਿਅਕਤੀ ਨਹੀਂ ਹੈ ਜੋ ਉਸ ਸੰਸਥਾ ਕਾਰਪੋਰੇਟ ਜਾਂ ਗੈਰ-ਨਿਗਮਤ ਜਾਂ ਕਨੂੰਨੀ ਦਫਤਰ-ਅਧਿਕਾਰੀ ਦੇ ਪੰਜੀਕਰਨ ਦੇ ਸਿੱਟੇ ਵੱਜੋਂ ਉਸ ਵਿਅਕਤੀ ਨੂੰ ਉਪਲੱਬਧ ਕਰਾਈ ਹੈ, ਜਾਂ ਉਪਲੱਬਧ ਕਰਾਉਣ ਦੀ ਸੰਭਾਵਨਾ ਹੈ ਜਿਸ ਨੇ ਉਸ ਵਿਅਕਤੀ ਨੂੰ ਨਾਮਜ਼ਦ ਕੀਤਾ ਹੈ। ਇਸ ਤੋਂ ਇਲਾਵਾ, ਡਿਸਕਲੋਜ਼ਰ ਸਕਾਟਲੈਂਡ ਕਿਸੇ ਵੀ ਵਿਅਕਤੀ ਦੇ ਰਜਿਸਟਰ ਵਿੱਚ ਸ਼ਾਮਲ ਹੋਣ ਨੂੰ ਸਵੀਕਾਰ ਕਰਨ ਤੋਂ, ਜਾਂ ਇਸ ਨੂੰ ਸਵੀਕਾਰ ਕਰਨ ਨੂੰ ਜਾਰੀ ਰੱਖਣ ਤੋਂ ਮਨਾ ਵੀ ਕਰ ਸਕਦਾ ਹੈ, ਜੇ ਉਨ੍ਹਾਂ ਦੇ ਪੰਜੀਕਰਨ ਦੀ ਗੈਰ-ਉੱਚਿਤ ਵਿਅਕਤੀ ਲਈ ਉਪਲੱਬਧ ਹੋਣ ਵਾਲੀ ਜਾਣਕਾਰੀ ਵਿੱਚ ਸਿੱਟਾ ਹੋਣ ਦੀ ਸੰਭਾਵਨਾ ਹੈ। ਉਸ ਵੇਲੇ ਜਦੋਂ ਪੰਜੀਕਰਨ ਲਈ ਮਨਾਹੀ ਕੀਤੀ ਜਾਂਦੀ ਹੈ ਜਾਂ ਰੱਦ ਕੀਤਾ ਜਾਂਦਾ ਹੈ ਵਿਨਿਯਮ 4 ਤੇ ਰਜਿਸਟ੍ਰੇਸ਼ਨ ਰੈਗੁਲੇਸ਼ਨਸ ਵਿੱਚ ਵਿਅਕਤ ਪਾਲਣਾ ਕੀਤੇ ਜਾਣ ਵਾਲੀ ਪ੍ਰਕਿਰਿਆ ਨੂੰ ਪੂਰਾ ਕੀਤਾ ਜਾਂਦਾ ਹੈ।

**129.** ਰਜਿਸਟ੍ਰੇਸ਼ਨ ਰੈਗੁਲੇਸ਼ਨਸ ਨੂੰ ਇਹ ਲੋੜ ਹੁੰਦੀ ਹੈ ਕਿ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਕਿਸੇ ਵਿਅਕਤੀ ਦੀ ਨਾਮਜ਼ਦਗੀ ਨੂੰ ਸਵੀਕਾਰ ਕਰਨ ਤੋਂ ਮਨਾ ਕਰਨ, ਜਾਂ ਸਵੀਕਾਰ ਕਰਨਾ ਜਾਰੀ ਰੱਖਣ ਤੋਂ ਪਹਿਲਾਂ, ਉਨ੍ਹਾਂ ਦਾ ਲਿੱਖਤ ਵਿੱਚ ਇਨ੍ਹਾਂ ਨੂੰ ਸੂਚਿਤ ਕੀਤਾ ਜਾਣਾ ਲਾਜ਼ਮੀ ਹੈ:

- ਸਬੰਧਤ ਸੰਸਥਾ ਕਾਰਪੋਰੇਟ ਜਾਂ ਗੈਰ-ਨਿਗਮਤ ਜਾਂ ਕਨੂੰਨੀ ਦਫਤਰ-ਅਧਿਕਾਰੀ ਅਤੇ ਉਹ ਸੰਸਥਾ ਕਾਰਪੋਰੇਟ ਜਾਂ ਗੈਰ-ਨਿਗਮਤ ਜਾਂ ਕਨੂੰਨੀ ਦਫਤਰ-ਅਧਿਕਾਰੀ ਪ੍ਰਤੀਸਥਾਪਨ ਵਿੱਚ ਦੂਜੇ ਵਿਅਕਤੀ ਦਾ ਨਾਂ ਜਮਾਂ ਕਰ ਸਕਦਾ ਹੈ; ਅਤੇ
- ਉਹ ਨਾਮਜ਼ਦ ਵਿਅਕਤੀ ਜਿਸਦੀ ਨਾਮਜ਼ਦਗੀ ਨੂੰ ਉਨ੍ਹਾਂ ਦੀ ਰਾਏ ਵਿੱਚ ਮਨਾਹੀ ਕਰਨੀ ਚਾਹੀਦੀ ਹੈ, ਜਾਂ ਸਵੀਕਾਰ ਕਰਨਾ ਜਾਰੀ ਰਖਣੀ ਚਾਹੀਦੀ ਹੈ, ਅਤੇ ਉਸ ਰਾਏ ਦੇ ਕਾਰਨਾਂ ਅਤੇ ਉਸ ਅਧਿਕਾਰਤ ਵਿਅਕਤੀ ਵਲੋਂ ਪ੍ਰਸਤੁਤੀਕਰਨ ਕਰਨ ਦੇ ਅਧਿਕਾਰ ਬਾਰੇ ਅਧਿਕਾਰਤ ਵਿਅਕਤੀ ਨੂੰ ਸੂਚਿਤ ਕਰਨਾ ਲਾਜ਼ਮੀ ਹੈ।

---

[14] ਪੁਲਿਸ ਅਧਿਨਿਯਮ 1997 (ਕ੍ਰਿਮਿਨਲ ਰਿਕਾਰਡ)(ਰਜਿਸਟ੍ਰੇਸ਼ਨ)(ਸਕਾਟਲੈਂਡ) ਰੈਗੁਲੇਸ਼ਨਸ 2010 (SSI 2010/383)

130. ਉਹ ਕੋਈ ਵੀ ਵਿਅਕਤੀ, ਜਿਸ ਨੂੰ ਰਜਿਸਟ੍ਰੇਸ਼ਨ ਰੈਗੁਲੇਸ਼ਨਸ ਵਿੱਚ ਵਿਅਕਤ ਕੀਤੇ ਜਾਣ ਦੇ ਤੌਰ ਤੇ ਸੂਚਿਤ ਕੀਤਾ ਗਿਆ ਹੈ, ਅਜਿਹੇ ਨੋਟਿਸ ਦੀ ਪ੍ਰਾਪਤੀ ਦੇ 28 ਦਿਨਾਂ ਦੇ ਅੰਦਰ, ਡਿਸਕਲੋਜ਼ਰ ਸਕਾਟਲੈਂਡ ਨੂੰ ਲਿੱਖਤ ਵਿੱਚ ਪ੍ਰਸਤੁਤੀਕਰਨ ਕਰ ਸਕਦਾ ਹੈ ਕਿ ਡਿਸਕਲੋਜ਼ਰ ਸਕਾਟਲੈਂਡ ਨੂੰ ਉਨ੍ਹਾਂ ਦੀ ਨਾਮਜ਼ਦਗੀ ਨੂੰ ਸਵੀਕਾਰ ਕਰਨ ਤੋਂ ਜਾਂ ਸਵੀਕਾਰ ਕਰਨ ਨੂੰ ਜਾਰੀ ਰੱਖਣ ਤੋਂ ਮਨਾ ਨਹੀਂ ਕਰਨਾ ਚਾਹੀਦਾ ਹੈ ਅਤੇ ਡਿਸਕਲੋਜ਼ਰ ਸਕਾਟਲੈਂਡ ਅਜਿਹੇ ਕਿਸੇ ਵੀ ਪ੍ਰਸਤੁਤੀਕਰਨ ਤੇ ਵਿਚਾਰ ਕਰੇਗਾ।

131. ਅਜਿਹੇ ਪ੍ਰਸਤੁਤੀਕਰਨਾਂ ਤੇ ਵਿਚਾਰ ਕਰਨ ਤੋਂ ਬਾਅਦ, ਡਿਸਕਲੋਜ਼ਰ ਸਕਾਟਲੈਂਡ ਨਾਮਜ਼ਦ ਵਿਅਕਤੀ ਨੂੰ ਇਹ ਸੂਚਿਤ ਕਰੇਗਾ:

- ਕਿ ਉਨ੍ਹਾਂ ਦੀ ਰਾਏ ਇਹ ਹੈ ਕਿ ਉਨ੍ਹਾਂ ਨੂੰ ਉਸ ਵਿਅਕਤੀ ਦੀ ਨਾਮਜ਼ਦਗੀ ਨੂੰ ਸਵੀਕਾਰ ਕਰਨ ਤੋਂ ਮਨਾ ਕਰਨਾ ਚਾਹੀਦਾ ਹੈ, ਜਾਂ ਸਵੀਕਾਰ ਕਰਨਾ ਜਾਰੀ ਰੱਖਣਾ ਚਾਹੀਦਾ ਹੈ, ਅਤੇ ਉਨ੍ਹਾਂ ਦੀ ਰਾਏ ਦਾ ਕਾਰਨ; ਜਾਂ

- ਕਿ ਉਹ ਉਸ ਵਿਅਕਤੀ ਦੀ ਨਾਮਜ਼ਦਗੀ ਨੂੰ ਸਵੀਕਾਰ ਕਰਨ, ਜਾਂ ਸਵੀਕਾਰ ਕਰਨ ਨੂੰ ਜਾਰੀ ਰੱਖਣ ਨੂੰ ਮਨਾ ਕਰਨ ਲਈ ਪ੍ਰਸਤਾਵ ਨਹੀਂ ਦਿੰਦੇ ਹਨ।

132. ਜੇ ਕਿਸੇ ਵੀ ਪ੍ਰਸਤੁਤੀਕਰਨ ਨੂੰ 28 ਦਿਨਾਂ ਦੇ ਅੰਦਰ ਪ੍ਰਾਪਤ ਨਹੀਂ ਕੀਤਾ ਜਾਂਦਾ ਹੈ, ਤਾਂ ਡਿਸਕਲੋਜ਼ਰ ਸਕਾਟਲੈਂਡ ਉਸ ਅਵਧੀ ਦੇ ਅੰਤ ਤੇ ਵਿਅਕਤੀ ਦੀ ਨਾਮਜ਼ਦਗੀ ਨੂੰ ਸਵੀਕਾਰ ਕਰਨ, ਜਾਂ ਸਵੀਕਾਰ ਕਰਨ ਨੂੰ ਜਾਰੀ ਰੱਖਣ ਨੂੰ ਮਨਾ ਕਰਨ ਦੀ ਕਾਰਵਾਈ ਕਰ ਸਕਦਾ ਹੈ।

133. ਜੇ ਪ੍ਰਸਤੁਤੀਕਰਨਾਂ ਨੂੰ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਡਿਸਕਲੋਜ਼ਰ ਸਕਾਟਲੈਂਡ ਉਸ ਵਿਅਕਤੀ ਦੀ ਨਾਮਜ਼ਦਗੀ ਨੂੰ ਸਵੀਕਾਰ ਕਰਨ ਜਾਂ ਸਵੀਕਾਰ ਕਰਨ ਨੂੰ ਜਾਰੀ ਰੱਖਣ ਲਈ ਮਨਾ ਕਰਨ ਦਾ ਫੈਸਲਾ ਕਰਦਾ ਹੈ, ਤਾਂ ਉਹ ਅਵਧੀ, ਜਿਸ ਦੇ ਅੰਦਰ ਫੈਸਲੇ ਨੂੰ ਲਾਗੂ ਕੀਤਾ ਜਾਣਾ ਹੈ, ਉਨ੍ਹਾਂ ਦਾ ਪ੍ਰਸਤੁਤੀਕਰਨਾਂ ਦੇ ਡਿਸਕਲੋਜ਼ਰ ਸਕਾਟਲੈਂਡ ਦੇ ਵਿਚਾਰਾਂ ਦੇ ਸਿੱਟਿਆਂ ਦੀ ਸੂਚਨਾ ਦੀ ਪ੍ਰਾਪਤੀ ਦੇ ਦਿਨ ਦੇ ਅੰਦਰ ਸ਼ੁਰੂ ਕਰਦੇ ਹੋਏ 28 ਦਿਨਾਂ ਦੀ ਅਗਲੀ ਅਵਧੀ ਦਾ ਅੰਤ ਹੈ।

134. ਕਿਸੇ ਵੀ ਵਿਅਕਤੀ ਨੂੰ ਨਾਮਜ਼ਦ ਨਹੀਂ ਕੀਤਾ ਜਾ ਸਕਦਾ ਹੈ ਜੇ ਡਿਸਕਲੋਜ਼ਰ ਸਕਾਟਲੈਂਡ ਨੇ, ਉਸ ਮਿਤੀ ਤੋਂ ਦੋ ਸਾਲ ਪਹਿਲਾਂ ਦੀ ਅਵਧੀ ਦੇ ਅੰਦਰ ਜਿਸ ਤੇ ਨਾਮਜ਼ਦਗੀ ਨੂੰ ਉਨ੍ਹਾਂ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ, ਉਸ ਦੇ ਆਧਾਰ ਤੇ ਉਸ ਵਿਅਕਤੀ ਦੀ ਨਾਮਜ਼ਦਗੀ ਨੂੰ ਸਵੀਕਾਰ ਕਰਨ ਤੋਂ ਮਨਾਹੀ ਕੀਤੀ ਹੈ, ਜਾਂ ਸਵੀਕਾਰ ਕਰਨ ਨੂੰ ਜਾਰੀ ਰੱਖਣ ਤੋਂ ਮਨਾਹੀ ਕੀਤੀ ਹੈ ਜਿਸ ਤੇ ਵਿਅਕਤੀ ਜਾਣਕਾਰੀ ਦਾ ਪ੍ਰਕਟੀਕਰਨ ਕਰਨ ਲਈ ਪਹੁੰਚ ਪਾਉਣ ਲਈ ਢੁੱਕਵਾਂ ਵਿਅਕਤੀ ਨਹੀਂ ਸੀ।

## ਨੇਮਾਵਲੀ ਅਤੇ ਪੰਜੀਕਰਨ ਨਿਯਮਾਂ ਵਿੱਚ ਦਿੱਤੇ ਫਰਜ਼ਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣਾ

135. 1997 ਐਕਟ ਦੀ ਧਾਰਾ 122(3) ਦੇ ਤਹਿਤ, ਡਿਸਕਲੋਜ਼ਰ ਸਕਾਟਲੈਂਡ ਉਨ੍ਹਾਂ ਮਾਮਲਿਆਂ ਵਿੱਚ ਪ੍ਰਕਟੀਕਰਨਾਂ ਨੂੰ ਜਾਰੀ ਕਰਨ ਲਈ ਮਨਾ ਕਰ ਸਕਦਾ ਹੈ ਜਿੱਥੇ ਡਿਸਕਲੋਜ਼ਰ ਸਕਾਟਲੈਂਡ ਇਹ ਸਮਝਦਾ ਹੈ ਕਿ:

- ਉਹ ਪੰਜੀਕ੍ਰਿਤ ਵਿਅਕਤੀ ਜਿਸ ਨੇ ਮਾਨਕ ਜਾਂ ਵਿਸਤਰਤ ਪ੍ਰਕਟੀਕਰਨ ਲਈ ਅਰਜੀ ਤੇ ਹਸਤਾਖਰ ਕੀਤੇ ਹਨ ਜਾਂ ਜਿਸ ਨੇ PVG ਪ੍ਰਕਟੀਕਰਨ ਦੀ ਬੇਨਤੀ ਦੇ ਸਬੰਧ ਵਿੱਚ ਘੋਸ਼ਣਾ ਕੀਤੀ ਹੈ, ਕੋਡ ਦੇ ਮੁਤਾਬਕ ਅਸਫਲ ਹੋਇਆ ਹੈ; ਜਾਂ

- ਉਹ ਸੰਸਥਾ ਜਾਂ ਵਿਅਕਤੀ ਜਿਸ ਵੱਲੋਂ ਪੰਜੀਕ੍ਰਿਤ ਵਿਅਕਤੀ ਨੇ ਮਾਨਕ ਜਾਂ ਵਿਸਤਰਤ ਪ੍ਰਕਟੀਕਰਨ ਲਈ ਅਰਜੀ ਤੇ ਹਸਤਾਖਰ ਕੀਤੇ ਹਨ ਜਾਂ ਜਿਸ ਨੇ PVG ਪ੍ਰਕਟੀਕਰਨ ਦੀ ਬੇਨਤੀ ਦੇ ਸਬੰਧ ਵਿੱਚ ਘੋਸ਼ਣਾ ਕੀਤੀ ਹੈ, ਕੋਡ ਦੇ ਮੁਤਾਬਕ ਅਸਫਲ ਹੋਇਆ ਹੈ।

136. ਡਿਸਕਲੋਜ਼ਰ ਸਕਾਟਲੈਂਡ ਉਨ੍ਹਾਂ ਮਾਮਲਿਆਂ ਵਿੱਚ ਪ੍ਰਕਟੀਕਰਨਾਂ ਨੂੰ ਜਾਰੀ ਕਰਨ ਲਈ ਮਨਾ ਵੀ ਕਰ ਸਕਦਾ ਹੈ ਜਿੱਥੇ ਡਿਸਕਲੋਜ਼ਰ ਸਕਾਟਲੈਂਡ ਇਹ ਸਮਝਦਾ ਹੈ ਕਿ ਪੰਜੀਕਰਨ ਦੀਆਂ ਸ਼ਰਤਾਂ (ਜਿਨ੍ਹਾਂ ਨੂੰ ਰਜਿਸਟ੍ਰੇਸ਼ਨ ਰੈਗੁਲੇਸ਼ਨਸ ਦੇ ਵਿਨਿਯਮ 12 ਵਿੱਚ ਵਿਅਕਤ ਕੀਤਾ ਜਾਂਦਾ ਹੈ) ਨੂੰ ਪੂਰਾ ਨਹੀਂ ਕੀਤਾ ਗਿਆ ਹੈ। ਉਹ ਸ਼ਰਤਾਂ ਇਹ ਹਨ:

- ਉਸ ਪੰਜੀਕ੍ਰਿਤ ਵਿਅਕਤੀ ਦਾ, ਜੋ ਕਿ ਸੰਸਥਾ ਨਿਗਮਿਤ ਜਾਂ ਗੈਰ-ਨਿਗਮਤ ਹੈ, ਰਜਿਸਟਰ ਵਿੱਚ ਸੂਚਿਤ ਮੁੱਖ ਹਸਤਾਖਰਕਰਤਾ ਹੋਣਾ ਹਮੇਸ਼ਾ ਲਾਜ਼ਮੀ ਹੈ।
- ਉਸ ਪੰਜੀਕ੍ਰਿਤ ਵਿਅਕਤੀ ਦਾ ਇਹ ਸੁਨਿਸ਼ਚਤ ਕਰਨਾ ਲਾਜ਼ਮੀ ਹੈ ਕਿ ਸਬੰਧਤ ਪੰਜੀਕਰਨ ਦੀ ਫੀਸ ਦਾ ਸਮੇਂ ਸਿਰ ਭੁਗਤਾਨ ਕੀਤਾ ਗਿਆ ਹੈ।

137. ਮੁਅੱਤਲ ਸਬੰਧੀ ਆਵੇਦਨਾਂ ਦੀ ਮਨਜੂਰੀ ਅਤੇ ਪੰਜੀਕ੍ਰਿਤ ਵਿਅਕਤੀ ਲਈ ਬੇਨਤੀਆਂ ਨੂੰ ਸੰਪੂਰਨ ਜਾਂਚ ਤੋਂ ਬਿਨਾਂ ਲਾਗੂ ਨਹੀਂ ਕੀਤਾ ਜਾਵੇਗਾ। ਸਾਰੇ ਪੰਜੀਕ੍ਰਿਤ ਵਿਅਕਤੀਆਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਮਾਨਕ ਜਾਂ ਵਿਸਤਰਤ ਪ੍ਰਕਟੀਕਰਨ ਲਈ ਅਰਜੀ ਜਾਂ ਸਕੀਮ ਰਿਕਾਰਡ ਜਾਂ ਸਕੀਮ ਰਿਕਾਰਡ ਅਪਡੇਟ ਲਈ ਬੇਨਤੀ ਦੀ ਪਾਲਣਾ ਕਰਦੇ ਹੋਏ, ਅਤੇ ਪ੍ਰਕਟੀਕਰਨਾਂ ਤੇ ਪਹੁੰਚਣ ਲਈ ਗਲਤ ਬਿਆਨ ਦਿੰਦੇ ਹੋਏ, ਪ੍ਰਦਾਨ ਕੀਤੀ ਜਾਣਕਾਰੀ ਦੇ ਗੈਰ-ਅਧਿਕਾਰਤ ਪ੍ਰਕਟੀਕਰਨ ਦੇ ਸਬੰਧ ਵਿੱਚ 1997 ਐਕਟ (ਅੰਤਕਾ B ਵੇਖੋ) ਦੀ ਧਾਰਾ 123 ਅਤੇ 124 ਅਤੇ 2007 ਐਕਟ (ਅੰਤਕਾ C ਵੇਖੋ) ਦੀ ਧਾਰਾ 65 ਤੋਂ 67 ਵਿੱਚ ਅਪਰਾਧਾਂ ਨੂੰ ਵਿਅਕਤ ਕੀਤਾ ਗਿਆ ਹੈ। ਜੇ ਇਹ ਜਾਪਦਾ ਹੈ ਕਿ ਅਪਰਾਧ ਨੂੰ ਮੰਨ ਲਿੱਤਾ ਗਿਆ ਹੈ ਤਾਂ ਡਿਸਕਲੋਜ਼ਰ ਸਕਾਟਲੈਂਡ ਪੁਲਿਸ ਨਾਲ ਸੰਪਰਕ ਕਰੇਗਾ।

**138.** ਡਿਸਕਲੋਜ਼ਰ ਸਕਾਟਲੈਂਡ ਮੁਅੱਤਲ ਅਤੇ ਇਸਦੀ ਦੋਸ਼ ਮਾਫੀ ਬਾਰੇ ਸਬੰਧਤ ਪੰਜੀਕ੍ਰਿਤ ਵਿਅਕਤੀ ਨੂੰ ਸੂਚਿਤ ਕਰੇਗਾ।

**139.** ਡਿਸਕਲੋਜ਼ਰ ਸਕਾਟਲੈਂਡ, ਪੰਜੀਕ੍ਰਿਤ ਵਿਅਕਤੀ ਦੀ ਬੇਨਤੀ ਤੇ, ਮੁਅੱਤਲ ਨੂੰ ਚੁੱਕਣ ਤੇ ਵਿਚਾਰ ਕਰੇਗੀ, ਪਰ ਉਦੋਂ ਤਕ ਅਜਿਹਾ ਨਹੀਂ ਕਰੇਗੀ ਜੱਦ ਤਕ ਇਹ ਸੰਤੁਸ਼ਟੀ ਨਹੀਂ ਹੋ ਜਾਂਦੀ ਹੈ ਕਿ ਪੰਜੀਕ੍ਰਿਤ ਵਿਅਕਤੀ ਜਾਂ ਸੁਆਲ ਵਿੱਚ ਕਾਉਂਟਰ-ਹਸਤਾਖਰਕਰਤਾ ਉਸ ਤੋਂ ਬਾਅਦ ਕੋਡ ਨਾਲ ਅਤੇ ਪੰਜੀਕਰਨ ਦੀਆਂ ਸ਼ਰਤਾ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇਗਾ। ਜੇ ਡਿਸਕਲੋਜ਼ਰ ਸਕਾਟਲੈਂਡ ਮੁੱਅਤਲ ਨੂੰ ਚੁੱਕਣ ਦਾ ਫੈਸਲਾ ਕਰਦਾ ਹੈ, ਤਾਂ ਇਸ ਤੋਂ ਇਲਾਵਾ ਸੰਸਥਾ ਦੁਆਰਾ ਕੋਈ ਵੀ ਖਰਚਾ ਨਹੀਂ ਲਗਾਇਆ ਜਾਵੇਗਾ ਜਿੱਥੇ ਉਹ ਵਾਧੂ ਜਾਂ ਸਥਾਨਾਂਤਰਨ ਕਾਉਂਟਰ-ਹਸਤਾਖਰਕਰਤਾਵਾਂ ਨੂੰ ਸ਼ਾਮਲ ਕਰਨ ਦੀ ਇੱਛਾ ਕਰਦਾ ਹੈ।

**140.** ਇਸ ਤੋਂ ਇਲਾਵਾ, 1997 ਐਕਟ ਦੇ ਧਾਰਾ 122(4) ਦੇ ਮੁਤਾਬਕ, ਜੇ ਪੰਜੀਕ੍ਰਿਤ ਵਿਅਕਤੀ, ਜਾਂ ਪੰਜੀਕ੍ਰਿਤ ਵਿਅਕਤੀ ਵੱਲੋਂ ਕਿਸੇ ਹੋਰ ਵਿਅਕਤੀ ਨੇ ਕਾਉਂਟਰ-ਹਸਤਾਖਰ ਕੀਤੇ ਹਨ ਜਾਂ ਉਸ ਦੇ ਮਾਨਕ ਜਾਂ ਵਿਸਤਰਤ ਪ੍ਰਕਟੀਕਰਨ ਲਈ ਅਰਜੀ ਤੇ ਕਾਉਂਟਰ-ਹਸਤਾਖਰ ਕਰਨ ਦੀ ਸੰਭਾਵਨਾ ਹੈ, ਜਾਂ ਉਸ ਨੇ PVG ਪ੍ਰਕਟੀਕਰਨ ਦੀ ਬੇਨਤੀ ਦੇ ਸਬੰਧ ਵਿੱਚ ਘੋਸ਼ਣਾ ਕੀਤੀ ਹੈ ਜਾਂ ਕਰਨ ਦੀ ਸੰਭਾਵਨਾ ਹੈ ਜੋ ਕੋਡ ਦੇ ਮੁਤਾਬਕ ਅਸਫਲ ਹੋਇਆ ਹੈ, ਫੇਰ ਸਕਾਟਿਸ਼ ਮੰਤਰੀ ਰਜਿਸਟਰ ਵਿੱਚੋਂ ਪੰਜੀਕ੍ਰਿਤ ਵਿਅਕਤੀ ਨੂੰ ਹਟਾ ਸਕਦੇ ਹਨ ਜਾਂ ਉਨ੍ਹਾਂ ਸ਼ਰਤਾਂ ਨੂੰ ਲਾਗੂ ਕਰ ਸਕਦੇ ਹਨ ਜਿਨ੍ਹਾਂ ਤੇ ਸਬੰਧਤ ਵਿਅਕਤੀ ਨੇ ਰਜਿਸਟਰ ਵਿੱਚ ਸ਼ਾਮਲ ਹੋਣ ਨੂੰ ਜਾਰੀ ਰੱਖਿਆ।

## ਪ੍ਰਕਟੀਕਰਨਾਂ ਦਾ ਗੁਆਚ ਜਾਣਾ

**141.** ਜੇ ਪੰਜੀਕ੍ਰਿਤ ਵਿਅਕਤੀ ਜਾਂ ਕੋਈ ਵਿਅਕਤੀ, ਜਿਸ ਨੂੰ ਪੰਜੀਕ੍ਰਿਤ ਵਿਅਕਤੀ ਜਾਣਕਾਰੀ ਦਾ ਪ੍ਰਕਟੀਕਰਨ ਕਰਦਾ ਹੈ, ਪ੍ਰਕਟੀਕਰਨ ਦੇ ਪ੍ਰਮਾਣ-ਪੱਤਰ ਜਾਂ ਪ੍ਰਕਟੀਕਰਨ ਦੇ ਰਿਕਾਰਡ ਨੂੰ ਨਸ਼ਟ ਕਰ ਦਿੰਦਾ ਹੈ ਜਾਂ ਹੋਰ ਹਲਾਤਾਂ ਵਿੱਚ ਗੁਆਚ ਦਿੰਦਾ ਹੈ, ਤਾਂ ਪੰਜੀਕ੍ਰਿਤ ਵਿਅਕਤੀ ਦਾ ਡਿਸਕਲੋਜ਼ਰ ਸਕਾਟਲੈਂਡ ਨੂੰ ਤੁਰੰਤ ਸੂਚਿਤ ਕਰਨਾ ਲਾਜ਼ਮੀ ਹੈ। ਬੇਨਤੀ ਤੇ, ਉਸ ਵਿਅਕਤੀ ਦਾ ਗੁਆਚਣ ਦੇ ਹਲਾਤਾਂ ਦਾ ਪੂਰਾ ਵੇਰਵਾ ਪ੍ਰਦਾਨ ਕਰਨਾ ਲਾਜ਼ਮੀ ਹੈ। ਅਸਧਾਰਨ ਹਲਾਤਾਂ ਵਿੱਚ, ਡਿਸਕਲੋਜ਼ਰ ਸਕਾਟਲੈਂਡ ਇਹ ਵਿਚਾਰ ਕਰੇਗਾ ਕਿ ਕੀ ਸਥਾਨਾਂਤਰਨ ਡਿਸਕਲੋਜ਼ਰ ਨੂੰ ਜਾਰੀ ਕਰਨਾ ਉੱਚਿਤ ਹੈ ਜਾਂ ਨਹੀਂ। ਨੁਕਸਾਨ ਨੂੰ ਕੋਡ ਦੇ ਭੰਗ ਹੋਣ ਦੇ ਰੂਪ ਵਿੱਚ ਵੀ ਸਮਝਿਆ ਜਾ ਸਕਦਾ ਹੈ। ਪੰਜੀਕ੍ਰਿਤ ਵਿਅਕਤੀ ਦੀ ਨੁਕਸਾਨ ਬਾਰੇ ਤੁਰੰਤ ਪ੍ਰਕਟੀਕਰਨ ਦੇ ਵਿਸ਼ੇ ਵਿੱਚ ਸਲਾਹ ਵੀ ਦਿੱਤੀ ਜਾਣੀ ਲਾਜ਼ਮੀ ਹੈ।

# ਰਿਹੈਬਿਲਿਟੇਸ਼ਨ ਆਫ ਅਫੈਂਡਰਸ ਐਕਟ 1974 (ਅਪਰਾਧੀਆਂ ਦਾ ਪੁਨਰਵਾਸ ਅਧਿਨਿਯਮ 1974) - ਪ੍ਰਾਵਧਾਨਾਂ ਦੀ ਰੂਪਰੇਖਾ

1. ਰਿਹੈਬਿਲਿਟੇਸ਼ਨ ਆਫ ਅਫੈਂਡਰਸ ਐਕਟ 1974 (ROA) ਦਾ ਉਦੇਸ਼ ਉਨ੍ਹਾਂ ਲੋਕਾਂ ਦੀਆਂ ਰੁੱਜਗਾਰ ਦੀਆਂ ਸੰਭਾਵਨਾਵਾਂ ਵਿੱਚ ਸੁਧਾਰ ਕਰਨਾ ਹੈ ਜਿਨ੍ਹਾਂ ਨੂੰ ਅਪਰਾਧ ਦਾ ਦੋਸ਼ੀ ਪਾਇਆ ਗਿਆ ਹੈ ਅਤੇ ਜਿਨ੍ਹਾਂ ਨੇ ਆਪਣੀ ਸਜ਼ਾ ਨੂੰ ਭੁਗਤਿਆ ਹੈ। ROA ਦੇ ਨਿਯਮਾਂ ਦੇ ਤਹਿਤ, ਉਸ ਕਿਸੇ ਵੀ ਵਿਅਕਤੀ ਨੂੰ, ਜਿਸ ਨੂੰ ਅਪਰਾਧ ਦਾ ਦੋਸ਼ੀ ਪਾਇਆ ਗਿਆ ਹੈ ਅਤੇ ਜਿਸ ਨੇ ਜੇਲ ਵਿੱਚ ਢਾਈ ਸਾਲਾਂ ਤੋਂ ਘੱਟ ਸਮੇਂ ਲਈ ਸਜ਼ਾ ਨੂੰ ਭੁਗਤਿਆ ਹੈ, ਇੱਕ ਨਿਰਧਾਰਤ ਅਵਧੀ ਤੋਂ ਬਾਅਦ ਪੁਨਰਵਾਸ ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ, ਬਸ਼ਰਤੇ ਕਿ ਉਹ ਉਸ ਅਵਧੀ ਦੇ ਦੌਰਾਨ ਅੱਗੇ ਕਿਸੇ ਵੀ ਦੋਸ਼ੀ ਠਹਿਰਾਏ ਜਾਣ ਨੂੰ ਪ੍ਰਾਪਤ ਨਹੀਂ ਕਰਦੇ ਹਨ। ਨਿਰਧਾਰਤ ਅਵਧੀ ਤੋਂ ਬਾਅਦ, ਅਸਲ ਦੋਸ਼ ਨੂੰ ਝੱਲੇ ਜਾਣ ਲਈ ਵਿਚਾਰ ਕੀਤਾ ਜਾਂਦਾ ਹੈ। ਇਹ ਅਵਧੀ ਸਜ਼ਾ ਦੇ ਪ੍ਰਕਾਰ ਤੇ ਨਿਰਭਰ ਕਰਦੇ ਹੋਏ ਤਤਕਾਲ ਪੁਨਰਵਾਸ ਅਤੇ 10 ਸਾਲਾਂ ਦੇ ਵਿੱਚ ਦੀ ਹੁੰਦੀ ਹੈ। ਆਮ ਤੌਰ ਤੇ ਗੱਲ ਕਰਦੇ ਹੋਏ, ROA ਇਹ ਪ੍ਰਦਾਨ ਕਰਦਾ ਹੈ ਕਿ ਝੱਲੀ ਗਈ ਸਜ਼ਾ ਦਾ ਆਮ ਤੌਰ ਤੇ ਉਦੋਂ ਪ੍ਰਕਟੀਕਰਨ ਕੀਤੇ ਜਾਣ ਦੀ ਲੋੜ ਨਹੀਂ ਹੁੰਦੀ ਹੈ ਜਦੋਂ ਵਿਅਕਤੀ ਨੂੰ ਉਸ ਦੇ ਪਿਛਲੇ ਅਪਰਾਧ ਸਬੰਧੀ ਰਿਕਾਰਡਾਂ ਬਾਰੇ ਪੁੱਛਿਆ ਜਾਂਦਾ ਹੈ, ਅਤੇ ਪੁਨਰਵਾਸ ਵਾਲੇ ਵਿਅਕਤੀ ਨਾਲ ਪੱਖਪਾਤ ਨਹੀਂ ਕੀਤਾ ਜਾ ਸਕਦਾ ਹੈ ਜੇ ਝੱਲੀ ਹੋਈ ਸਜ਼ਾ ਬਾਅਦ ਵਿੱਚ ਪਤਾ ਲੱਗਦੀ ਹੈ। ROA 30 ਮਹੀਨਿਆਂ ਤੋਂ ਜ਼ਿਆਦਾ ਸਮੇਂ ਦੀ ਜੇਲ ਦੀ ਸਜ਼ਾ ਤੇ ਲਾਗੂ ਨਹੀਂ ਹੁੰਦਾ ਹੈ ਅਤੇ ਉਸ ਸਜ਼ਾ ਵਾਲੇ ਅਪਰਾਧਾਂ ਨੂੰ ਕਦੇ ਵੀ ਝੱਲਿਆ ਨਹੀਂ ਜਾ ਸਕਦਾ ਹੈ। ਜਿਵੇਂ ਕਿ ਉਨ੍ਹਾਂ ਦਾ ਹਮੇਸ਼ਾ ਡਿਸਕਲੋਜ਼ਰ ਸਕਾਟਲੈਂਡ ਦੁਆਰਾ ਪ੍ਰਕਟੀਕਰਨ ਕੀਤਾ ਜਾਵੇਗਾ।

2. ਪਰ, ਰੁੱਜਗਾਰ ਦੀਆਂ ਅਜਿਹੀਆਂ ਕੁਝ ਸ਼੍ਰੇਣੀਆਂ ਹਨ ਜਿਸ ਤੇ ROA ਲਾਗੂ ਨਹੀਂ ਹੁੰਦਾ ਹੈ ਅਤੇ ਜਿਸ ਦੇ ਉਦੇਸ਼ਾਂ ਲਈ ਉਨ੍ਹਾਂ ਅਪਰਾਧਾਂ ਦਾ, ਜਿਨ੍ਹਾਂ ਨੂੰ ਹੋਰ ਹਲਾਤਾਂ ਵਿੱਚ ਝੱਲੇ ਜਾਣ ਦੇ ਰੂਪ ਵਿੱਚ ਪਰਿਭਾਸ਼ਤ ਕੀਤਾ ਜਾਵੇਗਾ, ਹੁਣ ਵੀ ਪ੍ਰਕਟੀਕਰਨ ਕਰਨਾ ਪੈਣਾ ਹੈ। ਰੁੱਜਗਾਰ ਦੀਆਂ ਇਨ੍ਹਾਂ ਸ਼੍ਰੇਣੀਆਂ ਨੂੰ ROA ਵਿੱਚ ਪ੍ਰਾਵਧਾਨਾਂ ਤੋਂ "ਬੰਦਸ਼ਾਂ" ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ ਜੋ ਅਪਰਾਧੀਆਂ ਨੂੰ ਸੁਆਲਾਂ ਦੇ ਜਵਾਬ ਵਿੱਚ ਬੀਤੇ ਹੋਏ ਅਪਰਾਧਾਂ ਦਾ ਪ੍ਰਕਟੀਕਰਨ ਕਰਨ ਤੋਂ ਬਚਣ ਲਈ ਅਨੁਕੂਲ ਬਣਾਉਂਦਾ ਹੈ। ROA ਅਮੁੱਖ ਵਿਧਾਨ ਵਿੱਚ ਨਿਸ਼ਚਤ ਕੀਤੀਆਂ ਜਾਣ ਵਾਲੀਆਂ ਬੰਦਸ਼ਾਂ ਦੀ ਸੂਚੀ ਦੀ ਆਗਿਆ ਦਿੰਦਾ ਹੈ।

3. ਜਦੋਂ 1997 ਐਕਟ "ਰਿਹਾਈ ਦੇ ਸੁਆਲਾਂ" ਨੂੰ ਪੁੱਛਣ ਲਈ ਸਪੁਰਦ ਕਰਦਾ ਹੈ, ਤਾਂ ਇਸ ਤੋਂ ਭਾਵ ਉਨ੍ਹਾਂ ਹਲਾਤਾਂ ਵਿੱਚ ਬਿਤਾਏ ਦੋਸ਼-ਸਿੱਧੀ ਬਾਰੇ ਨਿਜੀ ਸੁਆਲਾ ਨੂੰ ਪੁੱਛਣਾ ਹੈ ਜਿੱਥੇ ROA ਦੇ ਆਮ ਪ੍ਰਭਾਵਾਂ ਨੂੰ (ROA ਦੀ ਧਾਰਾ 4(2)(a) ਜਾਂ (b) ਵਿੱਚ ਵਿਅਕਤ ਕੀਤਾ) ਸਕਾਟਿਸ਼ ਮੰਤਰੀਆਂ ਦੁਆਰਾ ਦਿੱਤੇ ਆਦੇਸ਼ ਦੁਆਰਾ ਛੱਡ ਦਿੱਤਾ ਗਿਆ ਹੈ। ROA ਦੀ ਧਾਰਾ 4(2)(a) ਜਾਂ (b) ਤੋਂ ਬਾਹਰ ਕੀਤੇ ਮਸਲਿਆਂ ਤੇ (ਇਸ ਕੋਡ ਨੂੰ ਜਾਰੀ ਕਰਨ ਦੇ ਸਮੇਂ ਤੇ) ਸਕਾਟਲੈਂਡ ਲਈ ਮੌਜੂਦਾ ਪ੍ਰਾਵਧਾਨ ਰਿਹੈਬਿਲਿਟੇਸ਼ਨ ਆਫ ਅਫੈਂਡਰਸ ਐਕਟ 1974 (ਬੰਦਸ਼ਾਂ ਅਤੇ ਅਪਵਾਦ) (ਸਕਾਟਲੈਂਡ) ਆਰਡਰ 2003 (SSI 2003/231) (ਸੰਸ਼ੋਧਨ ਦੇ ਤੌਰ ਤੇ) ਹੈ।[15]

4. 2007 ਐਕਟ, ਵਿੱਚ "ਰਿਹਾਈ ਦੇ ਸੁਆਲ" ਨੂੰ ਪੁੱਛਣ ਲਈ ਇੱਕ ਸਪਸ਼ਟ ਹਵਾਲਾ ਨਹੀਂ ਹੈ। ਪਰ, ਨੇਮਤ ਕੰਮ ਕਰਨ ਲਈ ਉਸ ਵਿਅਕਤੀ ਦੀ ਅਨੁਕੂਲਤਾ ਤੇ ਵਿਚਾਰ ਕਰਨ ਲਈ (ਅਤੇ 2007 ਐਕਟ ਵਿੱਚ ਨਿਸ਼ਚਤ ਕਿਸੇ ਵੀ ਹੋਰ ਸਬੰਧਤ ਉਦੇਸ਼ਾਂ ਲਈ ਵਿਅਕਤੀ ਦੀ ਅਨੁਕੂਲਤਾ ਤੇ ਵਿਚਾਰ ਕਰਨ ਲਈ) ਉਨ੍ਹਾਂ ਦੇ ਪਿਛਲੇ ਅਪਰਾਧਾਂ ਬਾਰੇ ਵਿਅਕਤੀ ਨੂੰ ਪੁੱਛਣ ਨੂੰ ਹੁਣ ਵੀ ਰਿਹਾਈ ਦਾ ਸੁਆਲ ਪੁੱਛੇ ਜਾਣ ਦੇ ਤੌਰ ਤੇ ਸਮਝਿਆ ਜਾਂਦਾ ਹੈ ਕਿਉਂਕਿ ਇਸ ਤਰ੍ਹਾਂ ਦੀਆਂ ਸਥਿਤੀਆਂ ਨੂੰ 2003 ਆਰਡਰ ਵਿੱਚ ਕੀਤੇ ਸੰਸ਼ੋਧਨਾਂ ਦੁਆਰਾ ROA ਦੇ ਪ੍ਰਾਵਧਾਨਾਂ ਤੋਂ ਬਾਹਰ ਰੱਖਿਆ ਜਾਂਦਾ ਹੈ।

ROA ਦੇ ਹਾਲ ਹੀ ਦੀਆਂ ਬੰਦਸ਼ਾਂ ਅਤੇ ਅਪਵਾਦਾਂ ਦੇ ਆਰਡਰ ਅਤੇ ਸਬੰਧਤ ਸੰਸ਼ੋਧਨ ਆਰਡਰਸ ਦੇ ਲਿੰਕ ਡਿਸਕਲੋਜ਼ਰ ਸਕਾਟਲੈਂਡ ਦੀ ਵੈਬਸਾਈਟ www.disclosurescotland.co.uk ਤੇ ਸਿਰਲੇਖ "ਵਿਧਾਨ" ਦੇ ਥੱਲੇ "ਪ੍ਰਕਾਸ਼ਨ" ਪੰਨੇ ਤੇ ਉਪਲੱਬਧ ਹਨ।

[15] PVG ਅਤੇ ਸਬੰਧਤ ਉਦੇਸ਼ਾਂ ਲਈ, ਰਿਹੈਬਿਲਿਟੇਸ਼ਨ ਆਫ ਅਫੈਂਡਰਸ ਐਕਟ 1974 (ਬੰਦਸ਼ਾਂ ਅਤੇ ਅਪਵਾਦ) (ਸਕਾਟਲੈਂਡ) ਅਮੈਂਡਮੈਂਟ ਆਰਡਰ 2010 (SSI 2010/243) ਦੁਆਰਾ ਸ਼ਾਮਲ ਕਰਦੇ ਹੋਏ।

# ਅਪਰਾਧ: ਪੁਲਿਸ ਅਧਿਨਿਯਮ 1997

**ਨੋਟ: ਇਹ ਅੰਤਕਾ 1997 ਐਕਟ ਵਿੱਚ ਵਿਅਕਤ ਅਪਰਾਧਾਂ ਨੂੰ ਦਰਸ਼ਾਉਂਦਾ ਹੈ। ਜੇ ਤੁਹਾਨੂੰ ਅਪਰਾਧਾਂ ਬਾਰੇ ਵਧੇਰੀ ਜਾਣਕਾਰੀ ਦੀ ਲੋੜ ਹੈ, ਤਾਂ ਇਸ ਦੀ ਸਿਫਾਰਸ਼ ਕੀਤੀ ਜਾਂਦੀ ਹੈ ਕਿ ਮਾਲਕ ਅਤੇ ਪੰਜੀਕ੍ਰਿਤ ਵਿਅਕਤੀ ਪੇਸ਼ੇਵਰ ਕਨੂੰਨੀ ਸਲਾਹ ਦੀ ਭਾਲ ਕਰਨ।**

**ਨਿਮਨਲਿਖਤ ਨੂੰ 1997 ਐਕਟ ਦੀ ਧਾਰਾ 124 ਤੋਂ ਲਿੱਤਾ ਗਿਆ ਹੈ।**

## ਅਪਰਾਧ - ਪ੍ਰਕਟੀਕਰਨ

1. ਧਾਰਾ 120 ਦੇ ਤਹਿਤ ਪੰਜੀਕ੍ਰਿਤ ਸੰਸਥਾ ਦਾ ਮੈਂਬਰ, ਅਧਿਕਾਰੀ ਜਾਂ ਮੁਲਾਜ਼ਮ ਅਪਰਾਧ ਕਰਦਾ ਹੈ ਜੇ ਉਹ ਧਾਰਾ 113A ਜਾਂ 113B ਦੇ ਤਹਿਤ ਅਰਜੀ ਦੀ ਪਾਲਣਾ ਕਰਦੇ ਹੋਏ ਪ੍ਰਦਾਨ ਕੀਤੀ ਜਾਣਕਾਰੀ ਦਾ ਪ੍ਰਕਟੀਕਰਨ ਕਰਦਾ ਹੈ ਜੱਦ ਤਕ ਉਹ ਇਸ ਬਾਰੇ, ਉਸ ਦੇ ਕਾਰਜਾਂ ਦੇ ਕੋਰਸ ਵਿੱਚ, ਇਨ੍ਹਾਂ ਨੂੰ ਪ੍ਰਕਟੀਕਰਨ ਨਹੀਂ ਕਰਦਾ ਹੈ-

    (a) ਪੰਜੀਕ੍ਰਿਤ ਸੰਸਥਾ ਦੇ ਦੂਜੇ ਮੈਂਬਰ, ਅਧਿਕਾਰੀ ਜਾਂ ਮੁਲਾਜ਼ਮ ਨੂੰ,

    (b) ਉਸ ਦੀ ਬੇਨਤੀ ਤੇ ਸੰਸਥਾ ਦੇ ਮੈਂਬਰ, ਅਧਿਕਾਰੀ ਜਾਂ ਮੁਲਾਜ਼ਮ ਨੂੰ ਜਿਸ ਤੇ ਪੰਜੀਕ੍ਰਿਤ ਸੰਸਥਾ ਨੇ ਅਰਜੀ ਤੇ ਕਾਊਂਟਰ-ਹਸਤਾਖਰ ਕੀਤੇ, ਜਾਂ

    (c) ਉਸ ਵਿਅਕਤੀ ਨੂੰ ਜਿਸ ਦੀ ਬੇਨਤੀ ਤੇ ਪੰਜੀਕ੍ਰਿਤ ਸੰਸਥਾ ਨੇ ਸਬੰਧਤ ਅਰਜੀ ਤੇ ਕਾਊਂਟਰ-ਹਸਤਾਖਰ ਕੀਤੇ।

2. ਜਿੱਥੇ ਜਾਣਕਾਰੀ ਨੂੰ ਉਸ ਸੰਸਥਾ ਦੀ ਬੇਨਤੀ ਤੇ ਅਰਜੀ ਤੇ ਕਾਊਂਟਰ-ਹਸਤਾਖਰ ਕਰਨ ਦੀ ਪਾਲਣਾ ਕਰਦੇ ਹੋਏ ਧਾਰਾ 113A ਜਾਂ 113B ਦੇ ਤਹਿਤ ਪ੍ਰਦਾਨ ਕੀਤਾ ਜਾਂਦਾ ਹੈ ਜੋ ਧਾਰਾ 120 ਦੇ ਤਹਿਤ ਪ੍ਰਜੀਕ੍ਰਿਤ ਨਹੀਂ ਹੈ, ਤਾਂ ਸੰਸਥਾ ਦਾ ਮੈਂਬਰ, ਅਧਿਕਾਰੀ ਜਾਂ ਮੁਲਾਜ਼ਮ ਅਪਰਾਧ ਕਰਦਾ ਹੈ ਜੇ ਉਹ, ਉਸ ਦੇ ਕਾਰਜਾਂ ਦੇ ਕੋਰਸ ਵਿੱਚ, ਉਸ ਸੰਸਥਾ ਦੇ ਦੂਜੇ ਮੈਂਬਰ, ਅਧਿਕਾਰੀ ਜਾਂ ਮੁਲਾਜ਼ਮ ਨੂੰ ਇਸ ਦਾ ਪ੍ਰਕਟੀਕਰਨ ਕੀਤੇ ਜਾਣ ਤੋਂ ਬਿਨਾਂ ਉਹ ਜਾਣਕਾਰੀ ਦਾ ਪ੍ਰਕਟੀਕਰਨ ਕਰਦਾ ਹੈ।

3. ਜਿੱਥੇ ਜਾਣਕਾਰੀ ਨੂੰ ਵਿਅਕਤੀ ਦੁਆਰਾ ਜਾਂ ਉਸ ਦੀ ਬੇਨਤੀ ਤੇ ਅਰਜੀ ਤੇ ਕਾਊਂਟਰ-ਹਸਤਾਖਰ ਕਰਨ ਦੀ ਪਾਲਣਾ ਕਰਦੇ ਹੋਏ ਧਾਰਾ 113A ਜਾਂ 113B ਦੇ ਤਹਿਤ ਪ੍ਰਦਾਨ ਕੀਤਾ ਜਾਂਦਾ ਹੈ-

    (a) ਵਿਅਕਤੀ ਅਪਰਾਧ ਕਰਦਾ ਹੈ ਜੇ ਉਹ ਮੁਲਾਜ਼ਮ ਦੇ ਕਾਰਜਾਂ ਦੇ ਉਦੇਸ਼ ਲਈ ਉਸ ਦੇ ਮੁਲਾਜ਼ਮ ਨੂੰ ਇਸ ਦਾ ਪ੍ਰਕਟੀਕਰਨ ਕੀਤੇ ਜਾਣ ਤੋਂ ਬਿਨਾਂ ਉਹ ਜਾਣਕਾਰੀ ਦਾ ਪ੍ਰਕਟੀਕਰਨ ਕਰਦਾ ਹੈ, ਅਤੇ

    (b) ਵਿਅਕਤੀ ਦਾ ਮੁਲਾਜ਼ਮ ਉਦੋਂ ਅਪਰਾਧ ਕਰਦਾ ਹੈ ਜੇ ਉਹ, ਉਸ ਦੇ ਕਾਰਜਾਂ ਦੇ ਕੋਰਸ ਵਿੱਚ ਵਿਅਕਤੀ ਦੇ ਦੂਜੇ ਮੁਲਾਜ਼ਮ ਨੂੰ ਇਸ ਦਾ ਪ੍ਰਕਟੀਕਰਨ ਕੀਤੇ ਜਾਣ ਤੋਂ ਬਿਨਾਂ ਜਾਣਕਾਰੀ ਦਾ ਪ੍ਰਕਟੀਕਰਨ ਕਰਦਾ ਹੈ।

4. ਜਿੱਥੇ ਧਾਰਾ 113A ਜਾਂ 113B ਦੇ ਤਹਿਤ ਪ੍ਰਦਾਨ ਕੀਤੀ ਜਾਣਕਾਰੀ ਦਾ ਵਿਅਕਤੀ ਨੂੰ ਪ੍ਰਕਟੀਕਰਨ ਕੀਤਾ ਜਾਂਦਾ ਹੈ ਅਤੇ ਪ੍ਰਕਟੀਕਰਨ-

    (a) ਇਸ ਧਾਰਾ ਦੇ ਤਹਿਤ ਅਪਰਾਧ ਹੈ, ਜਾਂ

    (b) ਇਸ ਧਾਰਾ ਦੇ ਤਹਿਤ ਅਪਰਾਧ ਹੋਵੇਗਾ ਪਰ ਉਪ-ਖੰਡ (5) ਜਾਂ (6)(a), (d), (e) ਜਾਂ (f) ਲਈ, ਉਹ ਵਿਅਕਤੀ ਜਿਸ ਨੂੰ ਜਾਣਕਾਰੀ ਦਾ ਪ੍ਰਕਟੀਕਰਨ ਕੀਤਾ ਜਾਂਦਾ ਹੈ ਉਦੋਂ ਅਪਰਾਧ ਕਰਦਾ ਹੈ (ਉਪ-ਖੰਡਾਂ (5) ਅਤੇ (6) ਦੇ ਤਹਿਤ) ਜੇ ਉਹ ਕਿਸੇ ਦੂਜੇ ਵਿਅਕਤੀ ਨੂੰ ਇਸ ਦਾ ਪ੍ਰਕਟੀਕਰਨ ਕਰਦਾ ਹੈ।

5. ਉਪ-ਖੰਡ (1) ਤੋਂ (4) ਧਾਰਾ 113B(5) ਦੇ ਮੁਤਾਬਕ ਪ੍ਰਦਾਨ ਕੀਤੀ ਜਾਣਕਾਰੀ ਦੇ ਪ੍ਰਕਟੀਕਰਨ ਤੇ ਲਾਗੂ ਨਹੀਂ ਹੁੰਦੇ ਹਨ ਜਿਸ ਨੂੰ ਉਸ ਮੁੱਖ ਅਧਿਕਾਰੀ ਦੀ ਲਿੱਖਤ ਰਜ਼ਾਮੰਦੀ ਨਾਲ ਕੀਤਾ ਜਾਂਦਾ ਹੈ ਜਿਸ ਨੇ ਜਾਣਕਾਰੀ ਪ੍ਰਦਾਨ ਕੀਤੀ।

**6.** ਉਪ-ਖੰਡ (1) ਤੋਂ (4) ਧਾਰਾ 113A ਜਾਂ 113B ਦੇ ਤਹਿਤ ਪ੍ਰਮਾਣ-ਪੱਤਰ ਵਿੱਚ ਸ਼ਾਮਲ ਜਾਣਕਾਰੀ ਦੇ ਪ੍ਰਕਟੀਕਰਨ ਲਈ ਲਾਗੂ ਨਹੀਂ ਹੁੰਦੇ ਹਨ ਜਿਨ੍ਹਾਂ ਨੂੰ ਹੇਠਾਂ ਨੂੰ ਕੀਤਾ ਜਾਂਦਾ ਹੈ-

(a) ਪ੍ਰਮਾਣ-ਪੱਤਰ ਲਈ ਨਿਵੇਦਕ ਦੀ ਲਿੱਖਤ ਰਜ਼ਾਮੰਦੀ ਨਾਲ, ਜਾਂ

(b) ਸਰਕਾਰੀ ਵਿਭਾਗ ਨੂੰ, ਜਾਂ

(c) ਕਿਸੇ ਵੀ ਕਨੂੰਨ ਦੇ ਅਧਾਰ ਤੇ ਦਫਤਰ ਵਿੱਚ ਨਿਯੁਕਤ ਕੀਤੇ ਵਿਅਕਤੀ ਨੂੰ, ਜਾਂ

(d) ਕਿਸੇ ਵੀ ਕਨੂੰਨ ਦੇ ਅਧਾਰ ਦੇ ਤਹਿਤ ਜਾਂ ਇਸ ਤੇ ਜਾਣਕਾਰੀ ਪ੍ਰਦਾਨ ਕਰਨ ਲਈ ਜ਼ੁੰਮੇਵਾਰੀ ਦੇ ਮੁਤਾਬਕ, ਜਾਂ

(e) ਪ੍ਰਦੇਸ਼ ਦੇ ਸਕੱਤਰ ਦੁਆਰਾ ਬਣਾਏ ਵਿਨਿਯਮਾਂ ਵਿੱਚ ਨਿਸ਼ਚਤ ਪ੍ਰਕਾਰ ਦੇ ਰਿਹਾਈ ਦੇ ਸੁਆਲ (ਧਾਰਾ 113A ਦੇ ਭਾਵ ਦੇ ਅੰਦਰ) ਦਾ ਜਵਾਬ ਦੇਣ ਦੇ ਉਦੇਸ਼ਾਂ ਲਈ, ਜਾਂ

(f) ਪ੍ਰਦੇਸ਼ ਦੇ ਸਕੱਤਰ ਦੁਆਰਾ ਬਣਾਏ ਵਿਨਿਯਮਾਂ ਵਿੱਚ ਨਿਸ਼ਚਤ ਕਿਸੇ ਹੋਰ ਉਦੇਸ਼ ਲਈ।

**7.** ਉਹ ਵਿਅਕਤੀ, ਜੋ ਇਸ ਧਾਰਾ ਦੇ ਤਹਿਤ ਅਪਰਾਧ ਦਾ ਦੋਸ਼ੀ ਹੈ, ਛੇ ਮਹੀਨਿਆਂ ਨੂੰ ਪਾਰ ਨਾ ਕਰਨ ਵਾਲੀ ਅਵਧੀ ਲਈ ਕੈਦ ਜਾਂ ਮਾਨਕ ਪੱਧਰ ਤੇ ਪੱਧਰ 3 ਨੂੰ ਪਾਰ ਨਾ ਕਰਨ ਵਾਲੇ ਜੁਰਮਾਨੇ, ਜਾਂ ਦੋਹਾਂ ਦੇ ਪ੍ਰਤੀ ਸੰਖੇਪ ਸਜਾ ਦੇ ਅਧੀਨ ਹੋ ਜਾਵੇਗਾ।

## ਹੇਠਾਂ ਨੂੰ 1997 ਐਕਟ ਦੇ ਅਪਰਾਧਾਂ ਦੇ ਧਾਰਾ 123 ਤੋਂ ਲਿੱਤਾ ਗਿਆ ਹੈ

### ਅਪਰਾਧ - ਗਲਤਬਿਆਨੀ, ਆਦਿ।

ਪ੍ਰਕਟੀਕਰਨ ਦੀ ਜਾਣਕਾਰੀ ਦੇ ਅਢੁੱਕਵੇਂ ਪ੍ਰਕਟੀਕਰਨ ਦੇ ਸਿੱਟੇ ਵੱਜੋ ਅਪਰਾਧਾਂ ਤੋਂ ਇਲਾਵਾ, ਇੱਥੇ 1997 ਐਕਟ ਦੇ ਭਾਗ 5 ਦੇ ਤਹਿਤ ਹੋਰ ਅਪਰਾਧ ਵੀ ਹਨ ਜੋ ਉਨ੍ਹਾਂ ਨਿਵੇਦਕਾਂ ਜਾਂ ਕਾਉਂਟਰ-ਹਸਤਾਖਰਕਰਤਾਵਾਂ ਤੇ ਲਾਗੂ ਹੁੰਦੇ ਹਨ ਜੋ ਗਲਤ ਜਾਣਕਾਰੀ ਪ੍ਰਦਾਨ ਕਰਦੇ ਹਨ।

**1.** ਕੋਈ ਵਿਅਕਤੀ, ਇਨ੍ਹਾਂ ਹਲਾਤਾਂ ਵਿੱਚ, ਉਦੋਂ ਅਪਰਾਧ ਕਰਦਾ ਹੈ, ਜੇ, ਧੋਖਾ ਕਰਨ ਦੇ ਇਰਾਦੇ ਨਾਲ, ਉਹ:

(a) ਗਲਤ ਪ੍ਰਮਾਣ-ਪੱਤਰ ਬਣਾਉਂਦਾ ਹੈ,

(b) ਪ੍ਰਮਾਣ-ਪੱਤਰ ਵਿੱਚ ਤਬਦੀਲੀ ਕਰਦਾ ਹੈ,

(c) ਉਸ ਪ੍ਰਮਾਣ-ਪੱਤਰ ਦੀ ਵਰਤੋਂ ਕਰਦਾ ਹੈ ਜੋ ਉਸ ਢੰਗ ਨਾਲ ਦੂਜੇ ਵਿਅਕਤੀ ਨਾਲ ਸਬੰਧਤ ਹੈ ਜੋ ਇਹ ਸੁਝਾਅ ਦਿੰਦਾ ਹੈ ਕਿ ਇਹ ਉਨ੍ਹਾਂ ਨਾਲ ਸਬੰਧਤ ਹੈ, ਜਾਂ

(d) ਅਜਿਹਾ ਪ੍ਰਮਾਣ-ਪੱਤਰ ਦਿੰਦਾ ਹੈ ਜੋ ਉਸ ਢੰਗ ਨਾਲ ਦੂਜੇ ਵਿਅਕਤੀ ਦੁਆਰਾ ਵਰਤੋਂ ਕੀਤੇ ਜਾਣ ਲਈ ਉਨ੍ਹਾਂ ਨਾਲ ਸਬੰਧ ਰੱਖਦਾ ਹੈ ਜੋ ਇਹ ਸੁਝਾਅ ਦਿੰਦਾ ਹੈ ਕਿ ਇਹ ਉਸ ਦੂਜੇ ਵਿਅਕਤੀ ਨਾਲ ਸਬੰਧਤ ਹੈ।

**2.** ਕੋਈ ਵਿਅਕਤੀ ਉਦੋਂ ਅਪਰਾਧ ਕਰਦਾ ਹੈ ਜੇ ਉਹ ਜਾਣ ਕੇ ਪ੍ਰਮਾਣ-ਪੱਤਰ ਨੂੰ ਪ੍ਰਾਪਤ ਕਰਨ ਦੇ, ਜਾਂ ਉਸ ਨੂੰ ਪ੍ਰਾਪਤ ਕਰਨ ਲਈ ਦੂਜੇ ਵਿਅਕਤੀ ਨੂੰ ਯੋਗ ਕਰਨ ਦੇ ਉਦੇਸ਼ਾਂ ਲਈ ਗਲਤ ਬਿਆਨ ਦਿੰਦਾ ਹੈ।

**3.** ਉਹ ਵਿਅਕਤੀ, ਜੋ ਇਸ ਧਾਰਾ ਦੇ ਤਹਿਤ ਅਪਰਾਧ ਦਾ ਦੋਸ਼ੀ ਹੈ, ਛੇ ਮਹੀਨਿਆਂ ਨੂੰ ਪਾਰ ਨਾ ਕਰਨ ਵਾਲੀ ਅਵਧੀ ਲਈ ਕੈਦ ਜਾਂ ਮਾਨਕ ਪੱਧਰ ਤੇ ਪੱਧਰ 5 ਨੂੰ ਪਾਰ ਨਾ ਕਰਨ ਵਾਲੇ ਜੁਰਮਾਨੇ, ਜਾਂ ਦੋਹਾਂ ਦੇ ਪ੍ਰਤੀ ਸੰਖੇਪ ਸਜਾ ਤੇ ਅਧੀਨ ਹੋ ਜਾਵੇਗਾ।

# ਅਪਰਾਧ: ਦੀ ਪ੍ਰਾਟੈਕਸ਼ਨ ਆਫ ਵਲਨਰੇਬਲ ਗਰੁੱਪਸ (ਸਕਾਟਲੈਂਡ) ਐਕਟ 2007 (ਕਮਜ਼ੋਰ ਵਰਗ ਸੁਰੱਖਿਆ ਅਧਿਨਿਯਮ 2007)

**ਨੋਟ: ਇਹ ਅੰਤਕਾ 2007 ਐਕਟ ਵਿੱਚ ਵਿਅਕਤ ਅਪਰਾਧਾਂ ਨੂੰ ਦਰਸ਼ਾਉਂਦਾ ਹੈ। ਜੇ ਤੁਹਾਨੂੰ ਅਪਰਾਧਾਂ ਬਾਰੇ ਵਧੇਰੀ ਜਾਣਕਾਰੀ ਦੀ ਲੋੜ ਹੈ, ਤਾਂ ਇਸ ਦੀ ਸਿਫਾਰਸ਼ ਕੀਤੀ ਜਾਂਦੀ ਹੈ ਕਿ ਮਾਲਕ ਅਤੇ ਪੰਜੀਕ੍ਰਿਤ ਵਿਅਕਤੀ ਪੇਸ਼ੇਵਰ ਕਨੂੰਨੀ ਸਲਾਹ ਦੀ ਭਾਲ ਕਰਨ।**

## ਨਿਮਨਲਿਖਤ ਨੂੰ 2007 ਐਕਟ ਦੀ ਧਾਰਾ 65 ਤੋਂ ਲਿੱਤਾ ਗਿਆ ਹੈ।

**(1)** ਧੋਖਾ ਦੇਣ ਦੇ ਇਰਾਦੇ ਨਾਲ, ਹੇਠਾਂ ਦਿੱਤੀਆਂ ਗੱਲਾਂ ਨੂੰ ਕਰਨਾ ਇੱਕ ਵਿਅਕਤੀ ਲਈ ਅਪਰਾਧ ਹੈ-

(a) ਅਜਿਹਾ ਦਸਤਾਵੇਜ਼ ਤਿਆਰ ਕਰਨਾ ਜੋ ਪ੍ਰਕਟੀਕਰਨ ਰਿਕਾਰਡ ਕੀਤੇ ਜਾਣ ਲਈ ਭਾਵ ਦਿੰਦਾ ਹੈ,

(b) ਪ੍ਰਕਟੀਕਰਨ ਰਿਕਾਰਡ ਵਿੱਚ ਤਬਦੀਲੀ ਕਰਨਾ,

(c) ਉਸ ਢੰਗ ਨਾਲ ਪ੍ਰਕਟੀਕਰਨ ਰਿਕਾਰਡ ਦੀ ਵਰਤੋਂ ਕਰਨਾ, ਜਾਂ ਦੂਜੇ ਵਿਅਕਤੀ ਨੂੰ ਵਰਤੋਂ ਕਰਨ ਦੀ ਆਗਿਆ ਦੇਣਾ, ਜੋ ਸੁਝਾਅ ਦਿੰਦਾ ਹੈ ਕਿ ਇਹ ਉਸ ਦੇ ਸਬੰਧ ਵਿੱਚ ਸਕੀਮ ਮੈਂਬਰ ਤੋਂ ਇਲਾਵਾ ਕਿਸੇ ਵਿਅਕਤੀ ਨਾਲ ਸਬੰਧ ਰੱਖਦਾ ਹੈ ਜਿਸ ਨੂੰ ਇਸ ਦਾ ਪ੍ਰਕਟੀਕਰਨ ਕੀਤਾ ਗਿਆ ਸੀ।

**(2)** ਹੇਠਾਂ ਦਿੱਤੇ ਉਦੇਸ਼ ਲਈ ਕਿਸੇ ਵਿਅਕਤੀ ਦਾ ਜਾਣ ਕੇ ਗਲਤ ਜਾਂ ਗੁਮਰਾਹ ਕਰਨ ਵਾਲੀ ਘੋਸ਼ਣਾ ਜਾਂ ਹੋਰ ਬਿਆਨ ਦੇਣਾ ਇੱਕ ਅਪਰਾਧ ਹੈ-

(a) ਪ੍ਰਕਟੀਕਰਨ ਰਿਕਾਰਡ ਪ੍ਰਾਪਤ ਕਰਨਾ, ਜਾਂ ਦੂਜੇ ਵਿਅਕਤੀ ਨੂੰ ਇਹ ਪ੍ਰਾਪਤ ਕਰਨ ਦੇ ਯੋਗ ਬਣਾਉਣਾ, ਜਾਂ

(b) ਮੰਤਰੀਆਂ ਨੂੰ ਇਹ ਸੰਤੁਸ਼ਟੀ ਦੇਣਾ ਕਿ ਉਹ ਵਿਅਕਤੀ, ਜੋ ਨੇਮਤ ਕੰਮ ਕਰ ਰਿਹਾ ਹੈ, ਅਜਿਹਾ ਨਹੀਂ ਕਰ ਰਿਹਾ ਹੈ।

## ਨਿਮਨਲਿਖਤ ਨੂੰ 2007 ਐਕਟ ਦੀ ਧਾਰਾ 66 ਤੋਂ ਲਿੱਤਾ ਗਿਆ ਹੈ।

**(1)** ਉਹ ਵਿਅਕਤੀ, ਜਿਸ ਨੂੰ ਧਾਰਾ 51, 52, 53 ਜਾਂ 54 ਦੇ ਤਹਿਤ ਪ੍ਰਕਟੀਕਰਨ ਜਾਣਕਾਰੀ ਦਾ ਖੁਲਾਸਾ ਕੀਤਾ ਜਾਂਦਾ ਹੈ, ਉਦੋਂ ਅਪਰਾਧ ਕਰਦਾ ਹੈ ਜੇ ਉਹ ਵਿਅਕਤੀ ਕਿਸੇ ਦੂਜੇ ਵਿਅਕਤੀ ਨੂੰ ਇਸ ਦਾ ਪ੍ਰਕਟੀਕਰਨ ਕਰਦਾ ਹੈ।

**(2)** ਕੋਈ ਵਿਅਕਤੀ ਹੇਠ ਲਿਖਿਆਂ ਨੂੰ ਪ੍ਰਕਟੀਕਰਨ ਜਾਣਕਾਰੀ ਦਾ ਖੁਲਾਸਾ ਕਰਕੇ ਉਪ-ਖੰਡ (1) ਦੇ ਤਹਿਤ ਅਪਰਾਧ ਨਹੀਂ ਕਰਦਾ ਹੈ-

(a) ਕਿਸੇ ਵਿਅਕਤੀ ਦੇ ਮੁਲਾਜ਼ਮਾ ਨੂੰ,

(b) ਜਿੱਥੇ ਉਹ ਵਿਅਕਤੀ ਇਕੱਲਾ ਨਹੀਂ ਹੈ, ਵਿਅਕਤੀ ਦੇ ਕਿਸੇ ਮੈਂਬਰ ਜਾਂ ਅਧਿਕਾਰੀ ਨੂੰ, ਜਾਂ

(c) ਜਿੱਥੇ ਪ੍ਰਕਟੀਕਰਨ ਨੂੰ ਨੇਮਤ ਕੰਮ ਕਰਨ ਲਈ ਸਕੀਮ ਦੇ ਮੈਂਬਰ ਦੀ ਅਨੁਕੂਲਤਾ ਨੂੰ ਸਮਝਣ ਲਈ, ਜਾਂ ਇਸ ਲਈ ਪੇਸ਼ ਕੀਤੇ ਜਾਣ ਜਾਂ ਭੇਜੇ ਜਾਣ ਲਈ, ਦੂਜੇ ਵਿਅਕਤੀ ਨੂੰ ਯੋਗ ਬਣਾਉਣ ਜਾਂ ਉਸ ਦੀ ਮਦਦ ਕਰਨ ਦੇ ਉਦੇਸ਼ ਲਈ ਕੀਤਾ ਗਿਆ ਸੀ-

(i) ਉਸ ਦੂਜੇ ਵਿਅਕਤੀ ਨੂੰ,

(ii) ਉਸ ਕਿਸੇ ਵੀ ਦੂਜੇ ਵਿਅਕਤੀ ਦੇ ਮੁਲਾਜ਼ਮ ਨੂੰ, ਜਾਂ

(iii) ਜਿੱਥੇ ਉਹ ਦੂਜਾ ਵਿਅਕਤੀ ਇਕੱਲਾ ਨਹੀਂ ਹੈ, ਉਸ ਦੂਜੇ ਵਿਅਕਤੀ ਦੇ ਕਿਸੇ ਮੈਂਬਰ ਜਾਂ ਅਧਿਕਾਰੀ ਨੂੰ।

**(3)** ਉਹ ਵਿਅਕਤੀ, ਜਿਸ ਨੂੰ ਉਪ-ਖੰਡ (2)(a) ਜਾਂ (b) ਦੇ ਅਧਾਰ ਤੇ ਕਨੂੰਨੀ ਤੌਰ ਤੇ ਪ੍ਰਕਟੀਕਰਨ ਜਾਣਕਾਰੀ ਦਾ ਖੁਲਾਸਾ ਕੀਤਾ ਜਾਂਦਾ ਹੈ, ਉਦੋਂ ਅਪਰਾਧ ਕਰਦਾ ਹੈ ਜੇ ਉਹ ਵਿਅਕਤੀ ਇਸ ਦਾ ਖੁਲਾਸਾ ਕਿਸੇ ਦੂਜੇ ਵਿਅਕਤੀ ਨੂੰ ਕਰਦਾ ਹੈ।

**(4)** ਕੋਈ ਵਿਅਕਤੀ, ਵਿਅਕਤੀ ਦੇ ਕਾਰਜਾਂ ਦੇ ਕੋਰਸ ਵਿੱਚ ਹੇਠਾਂ ਦਿੱਤਿਆਂ ਨੂੰ ਪ੍ਰਕਟੀਕਰਨ ਜਾਣਕਾਰੀ ਦਾ ਖੁਲਾਸਾ ਕਰਨ ਦੁਆਰਾ ਉਪ-ਖੰਡ (3) ਦੇ ਤਹਿਤ ਅਪਰਾਧ ਨਹੀਂ ਕਰਦਾ ਹੈ ਜੇ-

(a) ਉਸ ਕਿਸੇ ਵੀ ਦੂਜੇ ਵਿਅਕਤੀ ਨੂੰ, ਜੋ ਉਸ ਵਿਅਕਤੀ ਦਾ ਮੈਂਬਰ, ਅਧਿਕਾਰੀ ਜਾਂ ਮੁਲਾਜ਼ਮ ਹੈ ਜਿਸ ਨੂੰ ਇਹੀ ਪ੍ਰਕਟੀਕਰਨ ਧਾਰਾ 52, 53 ਜਾਂ 54 ਦੇ ਤਹਿਤ ਕੀਤਾ ਗਿਆ ਸੀ, ਜਾਂ

(b) ਜਿੱਥੇ ਪ੍ਰਕਟੀਕਰਨ ਨੂੰ ਨੇਮਤ ਕੰਮ ਕਰਨ ਲਈ ਸਕੀਮ ਦੇ ਮੈਂਬਰ ਦੀ ਅਨੁਕੂਲਤਾ ਨੂੰ ਸਮਝਣ ਲਈ, ਜਾਂ ਇਸ ਲਈ ਪੇਸ਼ ਕੀਤੇ ਜਾਣ ਜਾਂ ਭੇਜੇ ਜਾਣ ਲਈ, ਦੂਜੇ ਵਿਅਕਤੀ ਨੂੰ ਯੋਗ ਬਣਾਉਣ ਜਾਂ ਉਸ ਦੀ ਮਦਦ ਕਰਨ ਦੇ ਉਦੇਸ਼ ਲਈ ਕੀਤਾ ਗਿਆ ਸੀ-

(i) ਉਸ ਦੂਜੇ ਵਿਅਕਤੀ ਨੂੰ,

(ii) ਉਸ ਕਿਸੇ ਵੀ ਦੂਜੇ ਵਿਅਕਤੀ ਦੇ ਮੁਲਾਜ਼ਮ ਨੂੰ, ਜਾਂ

(iii) ਜਿੱਥੇ ਉਹ ਦੂਜਾ ਵਿਅਕਤੀ ਇਕੱਲਾ ਨਹੀਂ ਹੈ, ਉਸ ਦੂਜੇ ਵਿਅਕਤੀ ਦੇ ਕਿਸੇ ਮੈਂਬਰ ਜਾਂ ਅਧਿਕਾਰੀ ਨੂੰ।

**(5)** ਉਹ ਵਿਅਕਤੀ, ਜਿਸ ਨੂੰ ਉਪ-ਖੰਡ (2)(c)(i) ਜਾਂ (4)(b)(i) ਦੇ ਅਧਾਰ ਤੇ ਕਨੂੰਨੀ ਤੌਰ ਤੇ ਪ੍ਰਕਟੀਕਰਨ ਜਾਣਕਾਰੀ ਦਾ ਖੁਲਾਸਾ ਕੀਤਾ ਜਾਂਦਾ ਹੈ, ਉਦੋਂ ਅਪਰਾਧ ਕਰਦਾ ਹੈ ਜੇ ਉਹ ਵਿਅਕਤੀ ਇਸ ਦਾ ਖੁਲਾਸਾ ਕਿਸੇ ਦੂਜੇ ਵਿਅਕਤੀ ਨੂੰ ਕਰਦਾ ਹੈ।

**(6)** ਕੋਈ ਵਿਅਕਤੀ ਹੇਠਾਂ ਦਿੱਤਿਆਂ ਨੂੰ ਪ੍ਰਕਟੀਕਰਨ ਜਾਣਕਾਰੀ ਦਾ ਖੁਲਾਸਾ ਕਰਨ ਦੁਆਰਾ ਉਪ-ਖੰਡ (5) ਦੇ ਤਹਿਤ ਅਪਰਾਧ ਨਹੀਂ ਕਰਦਾ ਹੈ-

(a) ਵਿਅਕਤੀ ਦੇ ਕਿਸੇ ਵੀ ਮੁਲਾਜ਼ਮ ਨੂੰ, ਜਾਂ

(b) ਜਿੱਥੇ ਵਿਅਕਤੀ ਇਕੱਲਾ ਨਹੀਂ ਹੈ, ਵਿਅਕਤੀ ਦੇ ਕਿਸੇ ਮੈਂਬਰ ਜਾਂ ਅਧਿਕਾਰੀ ਨੂੰ।

**(7)** ਉਹ ਵਿਅਕਤੀ, ਜਿਸ ਨੂੰ ਉਪ-ਖੰਡ (2)(c)(ii) ਜਾਂ (iii), (4)(b)(ii) ਜਾਂ (iii) ਜਾਂ (6) ਦੇ ਅਧਾਰ ਤੇ ਕਨੂੰਨੀ ਤੌਰ ਤੇ ਪ੍ਰਕਟੀਕਰਨ ਜਾਣਕਾਰੀ ਦਾ ਖੁਲਾਸਾ ਕੀਤਾ ਜਾਂਦਾ ਹੈ, ਉਦੋਂ ਅਪਰਾਧ ਕਰਦਾ ਹੈ ਜੇ ਉਹ ਵਿਅਕਤੀ ਇਸ ਦਾ ਖੁਲਾਸਾ ਕਿਸੇ ਦੂਜੇ ਵਿਅਕਤੀ ਨੂੰ ਕਰਦਾ ਹੈ।

**(8)** ਕੋਈ ਵਿਅਕਤੀ, ਵਿਅਕਤੀ ਦੇ ਕਾਰਜਾਂ ਦੇ ਕੋਰਸ ਵਿੱਚ, ਕਿਸੇ ਵੀ ਦੂਜੇ ਅਜਿਹੇ ਵਿਅਕਤੀ ਨੂੰ ਪ੍ਰਕਟੀਕਰਨ ਜਾਣਕਾਰੀ ਦਾ ਖੁਲਾਸਾ ਕਰਨ ਦੁਆਰਾ ਉਪ-ਖੰਡ (7) ਦੇ ਤਹਿਤ ਅਪਰਾਧ ਨਹੀਂ ਕਰਦਾ ਹੈ ਜੋ ਉਸ ਵਿਅਕਤੀ ਦਾ ਮੈਂਬਰ, ਅਧਿਕਾਰੀ ਜਾਂ ਮੁਲਾਜ਼ਮ ਹੈ ਜਿਸ ਲਈ ਉਸੀ ਪ੍ਰਕਟੀਕਰਨ ਨੂੰ ਧਾਰਾ 52, 53 ਜਾਂ 54 ਦੇ ਤਹਿਤ ਕੀਤਾ ਗਿਆ ਸੀ।

**(9)** ਉਹ ਵਿਅਕਤੀ, ਜਿਸ ਨੂੰ ਗੈਰ-ਕਨੂੰਨੀ ਢੰਗ ਨਾਲ ਪ੍ਰਕਟੀਕਰਨ ਜਾਣਕਾਰੀ ਦਾ ਖੁਲਾਸਾ ਕੀਤਾ ਜਾਂਦਾ ਹੈ, ਉਦੋਂ ਅਪਰਾਧ ਕਰਦਾ ਹੈ ਜੇ ਉਹ ਵਿਅਕਤੀ ਇਸ ਦਾ ਖੁਲਾਸਾ ਕਿਸੇ ਦੂਜੇ ਵਿਅਕਤੀ ਨੂੰ ਕਰਦਾ ਹੈ।

## ਨਿਮਨਲਿਖਤ ਨੂੰ 2007 ਐਕਟ ਦੀ ਧਾਰਾ 67 ਤੋਂ ਲਿੱਤਾ ਗਿਆ ਹੈ।

**(1)** ਸਵੀਕਾਰ ਕੀਤੇ ਉਦੇਸ਼ ਤੋਂ ਇਲਾਵਾ ਕਿਸੇ ਉਦੇਸ਼ ਲਈ ਪ੍ਰਕਟੀਕਰਨ ਰਿਕਾਰਡ ਦੇ ਪ੍ਰਾਵਧਾਨ ਦੀ ਬੇਨਤੀ ਕਰਨਾ, ਜਾਂ ਹੋਰ ਹਲਾਤਾਂ ਵਿੱਚ ਇਸ ਦਾ ਅਵਲੋਕਨ ਕਰਨ ਦੀ ਭਾਲ ਕਰਨਾ ਇੱਕ ਅਪਰਾਧ ਹੈ।

**(2)** ਸਵੀਕਾਰ ਕੀਤੇ ਉਦੇਸ਼ ਤੋਂ ਇਲਾਵਾ ਕਿਸੇ ਉਦੇਸ਼ ਲਈ ਪ੍ਰਕਟੀਕਰਨ ਜਾਣਕਾਰੀ ਦੀ ਵਰਤੋਂ ਕਰਨਾ ਇੱਕ ਅਪਰਾਧ ਹੈ।

**(3)** ਸਵੀਕਾਰ ਕੀਤਾ ਉਦੇਸ਼ ਉਸ ਵਿਅਕਤੀ ਦੀ ਅਨੁਕੂਲਤਾ ਨੂੰ ਸਮਝਣ ਲਈ ਕਿਸੇ ਵਿਅਕਤੀ ("Z") ਨੂੰ ਯੋਗ ਬਣਾਉਣਾ ਜਾਂ ਉਸ ਦੀ ਮਦਦ ਕਰਨਾ ਹੈ ਜਿਸ ਨਾਲ ਰਿਕਾਰਡ ਜਾਂ ਜਾਣਕਾਰੀ ਸਬੰਧ ਰੱਖਦੀ ਹੈ-

(a) ਅਜਿਹੇ ਨੇਮਤ ਕੰਮ ਦੇ ਪ੍ਰਕਾਰ ਨੂੰ ਕਰਨ ਲਈ, ਜਾਂ ਪੇਸ਼ ਕੀਤੇ ਜਾਣ ਜਾਂ ਭੇਜਣ ਲਈ ਜਿਸ ਨਾਲ ਪ੍ਰਕਟੀਕਰਨ ਰਿਕਾਰਡ ਸਬੰਧਤ ਹਨ, ਜਾਂ

(b) ਅਜਿਹੇ ਪ੍ਰਬੰਧਨਾਂ ਦੇ ਅਨੁਸਰਨ ਵਿੱਚ Z ਤੋਂ ਇਲਾਵਾ ਕਿਸੇ ਹੋਰ ਵਿਅਕਤੀ ਲਈ ਨਿਰਧਾਰਤ ਹਲਾਤਾਂ ਵਿੱਚ ਨੇਮਤ ਕੰਮ ਦੇ ਉਸ ਪ੍ਰਕਾਰ ਨੂੰ ਕਰਨ ਲਈ ਜਿਸ ਦੇ ਤਹਿਤ Z ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

**(4)** ਪ੍ਰਕਟੀਕਰਨ ਰਿਕਾਰਡਾਂ ਲਈ ਉਪ-ਖੰਡ (1) ਵਿੱਚ ਹਵਾਲਿਆਂ ਵਿੱਚ ਪ੍ਰਕਟੀਕਰਨ ਰਿਕਾਰਡਾਂ ਵਿੱਚ ਸ਼ਾਮਲ ਜਾਣਕਾਰੀ ਲਈ ਹਵਾਲੇ ਸ਼ਾਮਲ ਨਹੀਂ ਹਨ।

## ਨਿਮਨਲਿਖਤ ਨੂੰ 2007 ਐਕਟ ਦੀ ਧਾਰਾ 69 ਤੋਂ ਲਿੱਤਾ ਗਿਆ ਹੈ।

ਉੱਪਰ ਦਿੱਤੀ ਧਾਰਾ 65, 66 ਜਾਂ 67 ਦੇ ਤਹਿਤ ਅਪਰਾਧ ਦਾ ਦੋਸ਼ੀ ਵਿਅਕਤੀ 6 ਮਹੀਨਿਆਂ ਨੂੰ ਪਾਰ ਨਾ ਕਰਨ ਵਾਲੀ ਅਵਧੀ ਲਈ ਕੈਦ ਜਾਂ ਮਾਨਕ ਪੱਧਰ ਤੇ ਪੱਧਰ 5 ਨੂੰ ਪਾਰ ਨਾ ਕਰਨ ਵਾਲੇ ਜੁਰਮਾਨੇ, ਜਾਂ ਦੋਹਾਂ ਦੇ ਪ੍ਰਤੀ ਸੰਖੇਪ ਸਜਾ ਦੇ ਅਧੀਨ ਹੈ।